ਕੈਨੇਡਾ ਦਰਪਣ

ਅਗਸਤ 15, 1986

August 15, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan

Punjabi Weekly Newspaper

WEEKENDING AUGUST 15, Vol. 5 No. 31 . Price 35¢ Out of Greater Vancouver 50¢ Ph. (604)581-4473

'ਕੈਨੇਡਾ ਦਰਪਣ' ਦਾ ਅਗਲਾ ਅੰਕ

ਵਿਸ਼ੇਸ਼ ਗ਼ਦਰ ਅੰਕ ਹੋਵੇਗਾ

ਜਿਸ ਵਿਚ ਭਾਰਤ ਦੀ ਆਜ਼ਾਦੀ ਲਈ ਜੁਝੇ ਗ਼ਦਰੀਆਂ ਦੀਆਂ ਜੀਵਨੀਆਂ ਤੇ ਆਜ਼ਾਦੀ ਵਿਚ ਉਨ੍ਹਾਂ ਦੇ ਯੋਗਦਾਨ ਉਤੇ ਚਰਚਾ ਹੋਵੇਗੀ।

- ਕੈਲੇਫੋਰਨੀਆ ਦਾ ਗ਼ਦਰ ਵਿਚ ਯੋਗਦਾਨ ਅਤੇ ਵਿਸ਼ੇਸ਼ ਲੇਖ

ਪੰਜਾਬ ਨੀਮ-ਫੌਜੀ ਰਾਜ ਵੱਲ ਵਧਣ ਲੱਗਾ

60 ਕੰਪਨੀਆਂ ਦੀ ਹੋਰ ਮੰਗ

ਚੰਡੀਗੜ੍ਹ — ਪੰਜਾਬ ਦੇ ਹਾਲਾਤ ਦਿਨੋਂ ਦਿਨ ਗੰਭੀਰ ਹੁੰਦੇ ਜਾ ਰਹੇ ਹਨ ਸਾਡੇ ਪੱਤਰਕਾਰ ਅਨੁਸਾਰ ਪੰਜਾਬ ਮੰਤਰੀ-ਮੰਡਲ ਨੇ ਇਹ ਫੈਸਲਾ ਲਿਆ ਹੈ ਕਿ ਕੇਂਦਰ ਸਰਕਾਰ ਕੋਲੋਂ 60 ਕੰਪਨੀਆਂ ਦੀ ਹੋਰ ਮੰਗ ਕੀਤੀ ਜਾਏ ਤਾਂ ਕਿ ਫੀਰੋਜ਼ਪੁਰ, ਫਰੀਦਕੋਟ, ਜਲੰਧਰ ਤੇ ਕਪੂਰਥਲਾ ਵਿਚ ਨੀਮ-ਫੌਜੀ ਦਸਤੇ ਤਾਈਨਾਤ ਕੀਤੇ ਜਾ ਸਕਣ। ਇਸ ਤੋਂ ਪਹਿਲਾਂ 100 ਦੇ ਲਗਪਗ ਕੰਪਨੀਆਂ ਪੰਜਾਬ ਦੇ ਵੱਖ ਵੱਖ ਜ਼ਿਲਿਆਂ ਵਿਚ ਤਾਈਨਾਤ ਹਨ।

ਪੰਜਾਬ ਨੂੰ ਸੈਕਟਰਾਂ ਵਿਚ ਵੰਡਿਆ ਗਿਆ

ਪੰਜਾਬ ਵਿਚ ਅਤਿਵਾਦੀਆਂ ਦੀਆਂ ਸਰਗਰਮੀਆਂ ਨੂੰ ਠੱਲ੍ਹ ਪਾਉਣ ਲਈ ਵੱਖ ਵੱਖ ਸੈਕਟਰ ਬਣਾਏ ਗਏ ਹਨ। ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਅਤਿਵਾਦੀ ਕਾਰਵਾਈਆਂ ਨੀਮ-ਫੌਜੀ ਦਸਤਿਆਂ ਕਾਰਨ ਕਾਫੀ ਘੱਟ ਗਈਆਂ ਹਨ।

ਖਬਰਾਂ ਅਨੁਸਾਰ ਇਸ ਸਮੇਂ ਅਤਿਵਾਦੀਆਂ ਦੇ ਹਮਲਿਆਂ ਦੇ ਮੁੱਖ ਕੇਂਦਰ ਫਰੀਦਕੋਟ ਤੇ ਫੀਰੋਜ਼ਪੁਰ ਜ਼ਿਲੇ ਹਨ। ਮੰਗਲਵਾਰ ਨੂੰ ਅਤਿਵਾਦੀਆਂ ਵਲੋਂ ਧਰਮਕੋਟ ਥਾਣੇ ਦੇ ਪਿੰਡ ਗਗੜਾ ਵਿਚ ਇਕ ਵਿਅਕਤੀ ਹਲਾਕ ਕਰ ਦਿਤਾ ਗਿਆ ਤੇ ਇਕ ਜ਼ਖਮੀ ਹੋਇਆ

ਮੁਕਤਸਰ ਵਿਚ ਕਰਫਿਊ ਖਤਮ

ਫਰੀਦਕੋਟ ਦੀ ਮੁਕਤਸਰ ਤਹਿਸੀਲ ਵਿਚ ਦਿਨ ਦਾ ਕਰਫੀਊ ਖਤਮ ਕਰ ਦਿਤਾ ਗਿਆ ਹੈ। ਸ਼ਹਿਰ ਵਿਚ ਤਣਾਓ ਘੱਟ ਗਿਆ ਹੈ।

ਦਿੱਲੀ ਵਿਚ ਸ਼ਾਂਤੀ

ਸਾਡੇ ਪੱਤਰ ਪ੍ਰੇਰਕ ਨੇ ਦੱਸਿਆ ਕਿ ਦਿੱਲੀ ਵਿਚ ਇਸ ਸਮੇਂ ਵਾਤਾਵਰਣ ਸ਼ਾਂਤ ਹੈ ਅਤੇ ਭਾਰਤੀ ਜਨਤਾ ਪਾਰਟੀ ਵਲੋਂ ਦਫਾ 144 ਦੀ ਉਲੰਘਣਾ ਵੀ ਰੋਕ ਦਿਤੀ ਗਈ ਹੈ। ਤਿਲਕ ਨਗਰ ਵਿਚ ਤਣਾਓ ਬਰਾਬਰ ਬਣਿਆ ਹੋਇਆ ਹੈ ਪਰ ਨੀਮ-ਫੌਜੀ ਦਸਤਿਆਂ ਦੀ ਹੋਂਦ ਕਾਰਨ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ।

ਕਾਂਗਰਸ (ਆਈ) ਵਲੋਂ ਹਾਲਾਤ ਦਾ ਜਾਇਜ਼ਾ

ਕਾਂਗਰਸ(ਆਈ) ਦੀ ਵਰਕਿੰਗ ਕਮੇਟੀ ਵਲੋਂ ਦੇਸ਼ ਵਿਚ ਫਿਰਕੂ ਗੜਬੜ ਦੀ ਹਾਲਤ ਉਤੇ ਚਿੰਤਾ ਪ੍ਰਗਟ ਕੀਤੀ ਗਈ ਅਤੇ ਫਿਰਕੂ ਵਾਤਾਵਰਣ ਨੂੰ ਸੁਖਾਵਾਂ ਬਣਾਉਣ ਉਤੇ ਜ਼ੋਰ ਦਿਤਾ ਗਿਆ।

ਬਿਹਾਰ ਵਿਚ ਰੇਲ ਹਾਦਸਾ — 100 ਮਰੇ

ਨਵੀਂ ਦਿੱਲੀ — ਏਥੋਂ ਪ੍ਰਾਪਤ ਹੋਈ ਖਬਰ ਅਨੁਸਾਰ ਬਿਹਾਰ ਵਿਚ ਰੇਲਵੇ ਪੁਲ ਉਪਰ ਇਕ ਐਕਸਪ੍ਰੈਸ ਤੇ ਮਾਲ ਗੱਡੀ ਦੀ ਟੱਕਰ ਕਾਰਨ 100 ਵਿਅਕਤੀ ਮਾਰੇ ਜਾਣ ਦੀ ਖਬਰ ਹੈ। ਯੂ. ਐਨ. ਆਈ. ਅਨੁਸਾਰ ਇਸ ਦੁਰਘਟਨਾ ਵਿਚ ਐਕਸਪ੍ਰੈਸ ਰੇਲ ਦੇ ਦੋ ਡੱਬੇ ਦਰਿਆ ਵਿਚ ਡਿੱਗ ਪਏ ਤੇ ਇੰਜਣ ਵੀ ਨਕਾਰਾ ਹੋ ਗਿਆ।

ਬੀ. ਸੀ. ਦੇ ਨਵੇਂ ਪ੍ਰੀਮੀਅਰ



ਵੈਂਡਰਜ਼ਾਮ ਨੇ ਅਹੁਦੇ ਦੀ ਸਹੁੰ ਚੁੱਕੀ

ਮੀਜ਼ੋਰਾਮ ਨੂੰ ਪੂਰਾ ਸੂਬਾ ਬਣਾ ਦਿਤਾ ਗਿਆ

ਲੋਕ ਸਭਾ ਵਲੋਂ 23ਵੇਂ ਸੂਬੇ ਨੂੰ ਮਾਨਤਾ ਪ੍ਰਾਪਤ

ਨਵੀਂ ਦਿੱਲੀ — ਮੰਗਲਵਾਰ ਨੂੰ ਲੋਕ ਸਭਾ ਨੇ ਸਰਬ ਸੰਮਤੀ ਨਾਲ 23ਵਾਂ ਸੂਬਾ ਮੀਜ਼ੋਰਾਮ ਬਣਾਂ ਦਿਤਾ। ਇਸ ਤਰ੍ਹਾਂ ਮੀਜ਼ੋਰਾਮ ਦੇ ਇਲਾਕੇ ਵਿਚ ਪਿਛਲੇ 20 ਸਾਲ ਤੋਂ ਚੱਲੀ ਆ ਰਹੀ ਹਿੰਸਾ ਖਤਮ ਹੋਣ ਦੀ ਸੰਭਾਵਨਾ ਬਣ ਗਈ ਹੈ। ਇਹ ਸੂਬਾ ਕਬਾਇਲੀ ਲੋਕਾਂ ਦੀਆਂ ਆਸ਼ਾਵਾਂ ਨੂੰ ਮੁੱਖ ਰੱਖਕੇ ਬਣਾਇਆ ਗਿਆ ਹੈ। ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਮੀਜ਼ੋਰਾਮ ਦੇ ਲੀਡਰ ਸ੍ਰੀ ਲਾਲਡੇਂਗਾ ਨਾਲ ਇਸ ਸਬੰਧੀ ਸਮਝੌਤਾ ਕੁਝ ਹਫਤੇ ਪਹਿਲਾਂ ਕੀਤਾ ਸੀ।

ਇਕ ਖਬਰ ਅਨੁਸਾਰ ਹਥਿਆਰਬੰਦ ਮੀਜ਼ੋ ਨੈਸ਼ਨਲ ਲਿਬਰੇਸ਼ਨ ਫਰੰਟ ਦੇ ਲਗਪਗ ਸਾਰੇ ਮੈਂਬਰਾਂ ਨੇ ਆਪਣੇ ਹਥਿਆਰ ਸੁੱਟ ਦਿਤੇ ਹਨ ਅਤੇ ਸ੍ਰੀ ਲਾਲਡੇਂਗਾ ਨੂੰ ਆਪਣਾ ਲੀਡਰ ਮੰਨ ਲਿਆ ਹੈ।

'ਮਾਨੁਸ਼ੀ' ਦੀ ਐਡੀਟਰ ਮਧੂ ਕੇਸ਼ਵਰ ਨੇ ਹਿੰਸਾਵਾਦੀਆਂ ਦੇ ਪੜਛੇ ਲਾਹੇ

ਵੈਨਕੂਵਰ — 'ਮਾਨੁਸ਼ੀ' ਦੀ ਐਡੀਟਰ ਅਤੇ ਮਨੁੱਖੀ ਹੱਕਾਂ ਲਈ ਜੂਝਣ ਵਾਲੀ ਮਧੂ ਕੇਸ਼ਵਰ ਵਿਸ਼ਵ ਸਿੱਖ ਸੰਸਥਾ ਦੇ ਸੱਦੇ ਉਤੇ ਇਥੇ ਆਈ ਤੇ ਉਸ ਨੇ ਵੱਖ ਵੱਖ ਥਾਵਾਂ ਉਤੇ ਆਪਣੇ ਲੈਕਚਰ ਦਿਤੇ। ਗੁਰਦੁਆਰਾ ਰੌਸ ਸਟਰੀਟ, ਗੁਰਦੁਆਰਾ ਸਰੀ ਅਤੇ ਰੌਬਸਨ ਸਕੁਐਰ ਵਿਚ ਦਿਤੇ ਆਪਣੇ ਲੈਕਚਰਾਂ ਵਿਚ ਮਧੂ ਕੇਸ਼ਵਰ ਨੇ ਕਿਹਾ ਕਿ ਭਾਰਤ ਵਿਚ ਫਿਰਕੂ ਹਿੰਸਾ ਦਾ ਅਸਲ ਕਾਰਨ ਕੇਂਦਰ ਸਰਕਾਰ ਵਲੋਂ ਸਾਰੀ ਤਾਕਤ ਆਪਣੇ ਹੱਥਾਂ ਵਿਚ ਲੈਣਾ ਹੈ। ਕੇਸ਼ਵਰ ਨੇ ਕਿਹਾ ਕਿ ਜਿੰਨਾ ਚਿਰ ਕੇਂਦਰ ਸਰਕਾਰ ਵੱਖ ਵੱਖ ਹਿੱਸਿਆਂ ਨੂੰ ਵੱਧ ਤਾਕਤਾਂ ਨਹੀਂ ਦਿੰਦੀ ਉਨਾ ਚਿਰ ਵੱਖਵਾਦੀ ਹਿੰਸਾ ਖਤਮ ਨਹੀਂ ਹੋਵੇਗੀ।

'ਖਾਲਿਸਤਾਨ ਬਣਨ ਨਾਲ ਮਸਲਾ ਹੱਲ ਨਹੀਂ ਹੋਵੇਗਾ'

ਮਧੂ ਕੇਸ਼ਵਰ ਨੇ ਕਿਹਾ ਕਿ ਦੇਸ਼ ਨੂੰ ਵੱਖ ਵੱਖ ਟੁਕੜਿਆਂ ਵਿਚ ਵੰਡ ਕੇ ਮਸਲੇ ਹੱਲ ਨਹੀਂ ਹੋਣਗੇ। ਸਗੋਂ ਘੱਟ ਗਿਣਤੀਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਪਵੇਗਾ। ਉਨ੍ਹਾਂ ਕਿਹਾ ਕਿ ਮਸਲਾ ਇਕੱਲੇ ਸਿੱਖਾਂ ਜਾਂ ਮੁਸਲਮਾਨਾਂ ਦਾ ਨਹੀਂ — ਹਰੀਜਨਾਂ ਨਾਲ ਜੋ ਵਿਤਕਰਾ ਹੋ ਰਿਹਾ ਹੈ ਉਹ ਉਸ ਤੋਂ ਵੱਧ ਭਿਆਨਕ ਹੈ। ਮਧੂ ਕੇਸ਼ਵਰ ਨੇ ਕਿਹਾ ਕਿ ਬਿਹਾਰ, ਆਂਧਰਾ ਤੇ ਗੁਜਰਾਤ ਵਿਚ ਹਰੀਜਨਾਂ ਨੂੰ ਘਟੀਆ ਸਮਝਿਆ ਜਾਂਦਾ ਹੈ। ਲੋੜ ਦੇਸ਼ ਵਿਚ ਅਕੇਂਦਰੀਕਰਨ ਦੀ ਹੈ।

ਮਧੂ ਕੇਸ਼ਵਰ ਨੇ ਪੰਜਾਬ ਵਿਚ ਹਿੰਸਾ ਦੀ ਨਿਖੇਧੀ ਕਰਦਿਆਂ ਕਿਹਾ ਕਿ ਬੇਦੋਸ਼ੇ ਲੋਕਾਂ ਦੇ ਕਤਲ ਕਰਕੇ ਪੰਜਾਬ ਦਾ ਮਸਲਾ ਹੱਲ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਦਿੱਲੀ, ਕਾਨ੍ਹਪੁਰ ਤੇ ਬੋਕਾਰੋ ਵਿਚ ਘੱਟ ਗਿਣਤੀ ਸਿੱਖ ਮਾਰੇ ਗਏ ਪਰ ਪੰਜਾਬ ਵਿਚ ਘੱਟ ਗਿਣਤੀ ਹਿੰਦੂ ਮਾਰੇ ਜਾ ਰਹੇ ਹਨ। ਇਸ ਤਰ੍ਹਾਂ ਮਨੁੱਖੀ ਹੱਕਾਂ ਦੀ ਉਲੰਘਣਾ ਹਰ ਥਾਂ ਹੋ ਰਹੀ ਹੈ।

ਮਧੂ ਕੇਸ਼ਵਰ ਦੀਆਂ ਖਰੀਆਂ ਸੁਣਕੇ ਕਈ ਤਾਂ ਆਪਣੇ ਦੰਦਾਂ ਹੇਠਾਂ ਜੀਭ ਲੈ ਰਹੇ ਸਨ — ਕਈਆਂ ਦਾ ਇਹ ਵੀ ਪ੍ਰਤੀਕਰਮ ਸੀ ਕਿ ਪ੍ਰਬੰਧਕਾਂ ਨੇ ਆਖਰ ਕਿਸ ਮਕਸਦ ਲਈ ਮਧੂ ਕੇਸ਼ਵਰ ਦੀ ਇਨੀ ਪਬਲਿਸਿਟੀ ਕੀਤੀ।

ਮਧੂ ਕੇਸ਼ਵਰ ਨੇ ਰੌਬਸਨ ਸਕੁਐਰ ਵਿਚ ਬੋਲਦਿਆਂ ਕਿਹਾ, ਕਿ ਖਾਲਿਸਤਾਨ ਬਣਨ ਨਾਲ ਦਾਜ ਕਾਰਨ ਮਾਰੀਆਂ ਜਾ ਰਹੀਆਂ ਔਰਤਾਂ ਨਹੀਂ ਬਚ ਸਕਣਗੀਆਂ — ਨਾ ਹੀ ਖਾਲਿਸਤਾਨ ਬਣਨ ਨਾਲ ਨੀਵੀਆਂ ਜ਼ਾਤੀਆਂ ਉਚੀਆਂ ਹੋ ਜਾਣਗੀਆਂ।

'ਗੱਲੀਂ ਵੜੇ ਨਾ ਪਕਾਓ'

ਮਧੂ ਕੇਸ਼ਵਰ ਨੇ ਕੈਨੇਡਾ ਵਿਚ ਰਹਿੰਦੇ ਪੰਜਾਬੀਆਂ ਨੂੰ ਕਿਹਾ ਕਿ ਵਾਪਸ ਪੰਜਾਬ ਆਓ ਤੇ ਓਥੇ ਰਹਿ ਕੇ ਭਾਰਤ ਸਰਕਾਰ ਦੀਆਂ ਜ਼ਿਆਦਤੀਆਂ ਵਿਰੁੱਧ ਲੜੋ — ਉਨ੍ਹਾਂ ਕਿਹਾ ਕਿ ਇਥੇ ਰਹਿ ਕੇ ਗੱਲੀਂ ਬਾਤੀਂ ਨਾ ਤਾਂ ਤੁਸੀਂ ਪੰਜਾਬ ਦਾ ਕੁਝ ਸਵਾਰ ਸਕਦੇ ਹੋ ਨਾ ਪੰਜਾਬ ਦੇ ਲੋਕਾਂ ਦਾ। ਮਧੂ ਕੇਸ਼ਵਰ ਨੇ ਕਿਹਾ ਕਿ ਤੁਹਾਡੀਆਂ ਕਰਨੀਆਂ ਦੀ ਸਜ਼ਾ ਪੰਜਾਬ ਦੇ ਲੋਕ ਭੁਗਤ ਰਹੇ ਹਨ।

ਮਨੁੱਖੀ ਹੱਕ ਦੀ ਲੜਾਈ

ਮਧੂ ਕੇਸ਼ਵਰ ਨੇ ਕਿਹਾ ਕਿ ਮਨੁੱਖੀ ਹੱਕ ਹਰ ਇਕ ਨੂੰ ਪਿਆਰੇ ਹਨ। "ਕਈ ਖਾਲਿਸਤਾਨੀ ਆਪਣੇ ਹੀ ਲੋਕਾਂ ਦੇ ਹੱਕਾਂ ਦੀ ਉਲੰਘਣਾ ਕਰ ਰਹੇ ਹਨ — ਸਿੱਖਾਂ ਦੇ ਹੱਕਾਂ ਦੀ ਵੀ ਅਤੇ ਹਿੰਦੂਆਂ ਦੇ ਹੱਕਾਂ ਦੀ ਵੀ। ਜੇ ਅਸੀਂ ਮਨੁੱਖੀ ਹੱਕਾਂ ਦੀ ਗੱਲ ਕਰਨੀ ਹੈ ਤਾਂ ਸਾਨੂੰ ਸਾਰਿਆਂ ਦੇ ਹੱਕਾਂ ਦੀ ਗੱਲ ਕਰਨੀ ਬਣਦੀ ਹੈ। ਇਸ ਸਮੇਂ ਮੁਸਲਮਾਨ ਤੇ ਹਰੀਜਨ ਵੀ ਇਸ ਦਾ ਸ਼ਿਕਾਰ ਹਨ।"

ਮਧੂ ਕੇਸ਼ਵਰ ਦੀ ਸਪੱਸ਼ਟ - ਬਿਆਨੀ

ਮਧੂ ਕੇਸ਼ਵਰ ਨੇ ਜ਼ੋਰ ਦੇ ਕੇ ਕਿਹਾ ਕਿ ਕਈ ਖਾਲਿਸਤਾਨੀ ਆਪਣੇ ਵਲੋਂ ਕੀਤੀ ਹਿੰਸਾ ਨੂੰ ਜਾਇਜ਼ ਠਹਿਰਾਉਂਦੇ ਹਨ। ਕਿਉਂਕਿ ਦੂਜਿਆਂ ਨੇ ਉਨ੍ਹਾਂ ਦੇ ਹੱਕਾਂ ਦੀ ਉਲੰਘਣਾ ਕੀਤੀ। ਕੇਸ਼ਵਰ ਨੇ ਕਿਹਾ "ਜਦੋਂ ਇਕ ਗਰੁਪ ਦੇ ਹੱਕਾਂ ਦੀ ਉਲੰਘਣਾ ਹੋਈ ਤਾਂ ਅਸੀਂ ਉਸ ਗਰੁੱਪ ਨਾਲ ਖੜ੍ਹੇ ਹੋਏ ਪਰ ਜੇ ਇਹ ਗਰੁਪ ਆਪਣੀਆਂ ਰਾਜਨੀਤਕ ਮੰਗਾਂ ਲਈ ਹਿੰਸਾ ਕਰਦੇ ਹਨ ਤਾਂ ਅਸੀਂ ਉਨ੍ਹਾਂ ਦੇ ਵਿਰੁੱਧ ਵੀ ਖੜ੍ਹਾਂਗੇ।"

ਸ੍ਰੀ ਸੁਦੇਸ਼ ਕਾਲੀਆ ਨਾਰਥ ਅਮੇਰਿਕਨ ਲਾਈਫ ਦੀ ਪ੍ਰੋਡਕਸ਼ਨ ਕਲੱਬ ਦੇ ਪੰਜਵੇਂ ਸੀਨੀਅਰ ਵਾਈਸ ਪ੍ਰੈਜ਼ੀਡੈਂਟ



ਵੈਨਕੂਵਰ ਨਾਰਥ ਅਮੇਰਿਕਨ ਲਾਈਫ ਇਨਸ਼ੋਰੈਂਸ ਕੰਪਨੀ ਵਿਚ 1985 ਲਈ ਸ੍ਰੀ ਸੁਦੇਸ਼ ਕਾਲੀਆ ਨੂੰ ਸਪੈਸ਼ਲ ਐਵਾਰਡ ਨਾਲ ਕੰਪਨੀ ਵਲੋਂ ਸਨਮਾਨਤ ਕੀਤਾ ਗਿਆ। ਸ੍ਰੀ ਕਾਲੀਆ ਪੰਜਵੇਂ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਚੁਣੇ ਗਏ ਹਨ। ਸਾਰੀ ਕੰਪਨੀ ਵਿਚ ਕੈਨੇਡਾ ਵਿਚ ਉਨ੍ਹਾਂ ਛੇਵੀਂ ਪੁਜ਼ੀਸ਼ਨ ਹਾਸਲ ਕੀਤੀ।

ਸ੍ਰੀ ਕਾਲੀਆ ਮਿਲੀਅਨ ਡਾਲਰ ਰਾਊਂਡ ਟੇਬਲ ਦੇ ਵੀ 1986 ਲਈ ਮੈਂਬਰ ਹਨ। ਇਹ ਦੁਨੀਆਂ ਵਿਚ ਇਨਸ਼ੋਰੈਂਸ ਇੰਡਸਟਰੀ ਦਾ ਸਭ ਤੋਂ ਵੱਡਾ ਮਾਣ ਗਿਣਿਆ ਜਾਂਦਾ ਹੈ।

ਸ੍ਰੀ ਕਾਲੀਆ ਗਿਆਰਾਂ ਸਾਲ ਤੋਂ ਇਸ ਪ੍ਰੋਫੈਸ਼ਨ ਵਿਚ ਹਨ। ਸ੍ਰੀ ਕਾਲੀਆ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਉਹ ਸਾਰੇ ਸੱਜਣਾਂ ਮਿਤਰਾਂ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਉਨ੍ਹਾਂ ਦੀ ਹਮੇਸ਼ਾਂ ਮੱਦਦ ਕੀਤੀ ਹੈ।

ਰੇਸ ਰੀਲੇਸ਼ਨਜ਼ ਕਮੇਟੀ ਵਲੋਂ ਘੱਟ ਗਿਣਤੀਆਂ ਦੀ ਸਹੀ ਤਸਵੀਰ ਪੇਸ਼ ਕਰਨ ਦੀ ਮੰਗ

ਵੈਨਕੂਵਰ — ਪਿਛਲੇ ਵੀਰਵਾਰ ਵੈਨਕੂਵਰ ਦੀ ਰੇਸ ਰੀਲੇਸ਼ਨਜ਼ ਕਮੇਟੀ ਵਲੋਂ ਇਸ ਗੱਲ ਉਤੇ ਜ਼ੋਰ ਦਿਤਾ ਗਿਆ ਕਿ ਇਥੇ ਵਸਦੀਆਂ ਘੱਟ ਗਿਣਤੀਆਂ ਸਬੰਧੀ ਮੀਡੀਆ ਜ਼ਿੰਮੇਂਵਾਰੀ ਤੋਂ ਕੰਮ ਲਵੇ ਤੇ ਉਨ੍ਹਾਂ ਦੇ ਸਭਿਆਚਾਰ, ਬੋਲੀ ਨੂੰ ਚੰਗੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕਰੇ।

ਐਲਡਰਮੈਨ ਬਿੱਲ ਯੀ ਨੇ ਕਿਹਾ ਕਿ ਬਹੁਤੇ ਲੋਕ ਮੀਡੀਏ ਤੋਂ ਹੀ ਜਾਣਕਾਰੀ ਲੈਂਦੇ ਹਨ ਤੇ ਜਿਵੇਂ ਮੀਡੀਆ ਦੱਸਦਾ ਹੈ ਉਵੇਂ ਹੀ ਉਹ ਆਪਣਾ ਵਿਚਾਰ ਬਣਾ ਲੈਂਦੇ ਹਨ।

ਕਮੇਟੀ ਮੈਂਬਰ ਹਰੀ ਸ਼ਰਮਾ ਨੇ ਕਿਹਾ ਕਿ ਇਕ ਸਬ-ਕਮੇਟੀ ਬਣਾਈ ਗਈ ਹੈ ਜੋ ਮੀਡੀਆ ਤੇ ਰੇਸ ਰੀਲੇਸ਼ਨਜ਼ ਨਾਲ ਸਬੰਧਤ ਹੋਵੇਗੀ ਤੇ ਉਹ ਸਭਿਆਚਾਰ, ਬੋਲੀ ਤੇ ਨਸਲ ਬਾਰੇ ਸਿਟੀ ਤੇ ਮੀਡੀਏ ਨਾਲ ਗੱਲ ਕਰੇਗੀ।

ਕਮੇਟੀ ਦੇ ਧਿਆਨ ਵਿਚ ਇਹ ਵੀ ਆਇਆ ਕਿ ਖਬਰਾਂ ਦੇਣ ਸਮੇਂ ਮੀਡੀਆ 'ਸਿੱਖ ਫੜਿਆ ਗਿਆ' ਆਦਿ ਸ਼ਬਦਾਂ ਤੋਂ ਗੁਰੇਜ਼ ਕਰੇ। ਸ਼ਰਮਾ ਨੇ ਕਿਹਾ ਕਿ ਇਸ ਤਰ੍ਹਾਂ ਸਮੁੱਚੀ ਸਿੱਖ ਕਮਿਊਨਿਟੀ ਨੂੰ ਬਦਨਾਮ ਕੀਤਾ ਜਾਂਦਾ ਹੈ। ਮੀਡੀਆ ਘੱਟ ਗਿਣਤੀ ਧਰਮਾਂ ਤੇ ਹੋਰ ਤਿਉਹਾਰਾਂ ਨੂੰ ਪੇਸ਼ ਕਰੇ। ਇਹ ਵੀ ਕਿਹਾ ਗਿਆ ਕਿ ਮੀਡੀਏ ਵਿਚ ਘੱਟ ਗਿਣਤੀ ਦੇ ਪੱਤਰਕਾਰਾਂ ਦੀ ਵੀ ਘਾਟ ਹੈ।

ਆਈ. ਡਬਲਯੂ. ਏ. ਵਰਕਰਾਂ ਵਲੋਂ ਮੁਕੰਮਲ ਹੜਤਾਲ

ਵੈਨਕੂਵਰ — ਬੁੱਧਵਾਰ ਸ਼ਾਮ ਤੋਂ ਆਈ. ਡਬਲਯੂ. ਏ. ਦੇ ਵਰਕਰਾਂ ਵਲੋਂ ਮੁਕੰਮਲ ਹੜਤਾਲ ਦਾ ਸੱਦਾ ਦੇ ਦਿਤਾ ਗਿਆ ਹੈ। ਇਹ ਦੱਸਦਿਆਂ ਯੂਨੀਅਨ ਦੇ ਰੀਜਨਲ ਪ੍ਰਧਾਨ ਜੈਕ ਮੂਨਰੋ ਨੇ ਕਿਹਾ ਕਿ ਇਸ ਤਰ੍ਹਾਂ 20,000 ਦੇ ਲਗਪਗ ਕਾਮੇ ਕੰਮ ਤੋਂ ਵਿਹਲੇ ਹੋ ਜਾਣਗੇ। ਬਾਰਾਂ ਹਜ਼ਾਰ ਵਰਕਰ ਪਹਿਲਾਂ ਹੀ ਹੜਤਾਲ ਉਤੇ ਹਨ।

ਜੈਕ ਮੂਨਰੋ ਨੇ ਕਿਹਾ ਕਿ ਸਾਨੂੰ ਮਜਬੂਰੀ ਕਾਰਨ ਇਹ ਕਦਮ ਚੁਕਣਾ ਪੈ ਰਿਹਾ ਹੈ ਕਿਉਂਕਿ ਮਿੱਲ ਮਾਲਕਾਂ ਨੇ ਪ੍ਰਾਈਵੇਟ ਠੇਕੇਦਾਰਾਂ ਤੋਂ ਕੰਮ ਲੈਣ ਦੀ ਪੱਕੀ ਧਾਰੀ ਹੋਈ ਹੈ। ਉਨ੍ਹਾਂ ਕਿਹਾ ਕਿ ਮਿੱਲ ਮਾਲਕ ਮੁਸ਼ਕਲਾਂ ਹੱਲ ਕਰਨ ਦੇ ਰਾਹ ਨਹੀਂ ਤੁਰ ਰਹੇ। ਉਨ੍ਹਾਂ ਕਿਹਾ ਇਸ ਵਿਚ ਸ਼ੱਕ ਨਹੀਂ ਕਿ ਸੂਬੇ ਦਾ ਮਾਹੌਲ ਵਿਗੜੇਗਾ ਪਰ ਉਨ੍ਹਾਂ ਸਾਰੀ ਜ਼ਿੰਮੇਂਵਾਰੀ ਮਿੱਲ ਮਾਲਕਾਂ ਉਪਰ ਸੁੱਟੀ। ਉਨ੍ਹਾਂ ਕਿਹਾ ਕਿ ਮਸਲੇ ਨੂੰ ਉਲਝਾਉਣ ਵਿਚ ਵੱਡੀਆਂ ਕੰਪਨੀਆਂ ਰੋੜਾ ਬਣ ਰਹੀਆਂ ਹਨ।

ਫੈਡਰੇਸ਼ਨ ਤੇ ਟਕਸਾਲ ਦੇ ਤਿੰਨ ਗ੍ਰਿਫਤਾਰ

ਬਟਾਲਾ — ਜ਼ਿਲਾ ਗੁਰਦਾਸਪੁਰ ਦੀ ਪੁਲਸ ਨੇ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਤਿੰਨ ਸਰਗਰਮ ਮੈਂਬਰ ਅਤੇ ਦਮਦਮੀ ਟਕਸਾਲ ਦੇ ਇਕ ਮੈਂਬਰ ਨੂੰ ਫਤਹਿਗੜ੍ਹ ਚੂੜੀਆਂ ਤੋਂ ਗ੍ਰਿਫਤਾਰ ਕੀਤਾ ਹੈ। ਇਹ ਹਨ ਅਜੀਤ ਸਿੰਘ (ਫਤਹਿਗੜ੍ਹ ਚੂੜੀਆਂ), ਸੁਖਜੀਤ ਸਿੰਘ ਅਤੇ ਕਸ਼ਮੀਰਾ ਸਿੰਘ (ਦੋਵੇਂ ਕਾਲਾ ਅਫਗਾਨਾ)।

ਨਾ ਕਿਤੇ ਗਰਦਾ ਹੈ ਨਾ ਹੀ ਮੀਂਹ ਪਿਆ ਹੈ।
ਫੇਰ ਵੀ ਗਲੀਆਂ 'ਚ ਕਿਉਂ ਚਿੱਕੜ ਜਿਹਾ ਹੈ?

ਇਹ ਫ਼ਕਤ ਘਟ ਵਧ ਰਿਹਾ ਸਾਇਆ ਹੈ ਵਰਨਾ,
ਬਿਰਖ ਤਾਂ ਓਡੇ ਦਾ ਓਡਾ ਹੀ ਖੜਾ ਹੈ।

ਮਧੂ ਕੇਸ਼ਵਰ ਦੇ ਭਾਸ਼ਨ ਅਤੇ ਗੱਲਬਾਤ ਦੇ ਕੁੱਝ ਅੰਸ਼ "ਸਮੇਂ ਦੀ ਆਵਾਜ਼ ਵਿਚ"

ਦੋ ਤਿੰਨ ਅਗਸਤ ਦੇ ਵੀਕਇੰਡ ਤੇ ਇੰਡੀਆ ਤੋਂ ਆਈ ਪਤਰਕਾਰ ਅਤੇ ਹਿਊਮਨ ਰਾਈਟਸ ਐਕਟਵਿਸਟ ਮਧੂ ਕੇਸ਼ਵਰ ਨੇ ਗਰੇਟਰ ਵੈਨਕੂਵਰ ਵਿਚ ਵੱਖ ਵੱਖ ਥਾਵਾਂ ਤੇ ਭਾਸ਼ਨ ਦਿਤੇ ਅਤੇ ਗੱਲਬਾਤ ਕੀਤੀ। ਉਸ ਵੱਲੋਂ ਮੀਡੀਆ ਸੈਂਟਰ ਵਿਚ ਦਿਤੇ ਭਾਸ਼ਨ ਅਤੇ ਗੱਲਬਾਤ ਦੇ ਕੁੱਝ ਅੰਸ਼ 9 ਅਗਸਤ, ਸਨਿਚਰਵਾਰ ਨੂੰ ਸ਼ਾਮ ਦੇ ਪੰਜ ਵੱਜ ਕੇ ਵੀਹ ਮਿੰਟ ਤੇ ਰੇਡੀਓ ਪਰੋਗਰਾਮ "ਸਮੇਂ ਦੀ ਆਵਾਜ਼" ਵਿਚ ਸੁਣਾਏ ਗਏ। ਸੁਨਣਾ ਨਾ ਭੁੱਲਿਓ।

ਦਿਨ : 9 ਅਗਸਤ, ਸਨਿਚਰਵਾਰ
ਸਮਾਂ : ਪੰਜ ਵਜ ਕੇ ਵੀਹ ਮਿੰਟ
ਰੇਡੀਓ ਸਟੇਸ਼ਨ : ਵੈਨਕੂਵਰ ਕੋਆਪ੍ਰੇਟਿਵ ਰੇਡੀਓ
102.7 F.M. ਜਾਂ 104.9 ਕੇਬਲ

ਇਹ ਪਰੋਗਰਾਮ ਤੁਸੀਂ ਕੇਬਲ ਤੇ ਸਾਰੀ ਬੀ. ਸੀ. ਵਿਚ ਸੁਣ ਸਕਦੇ ਹੋ। ਆਪਣੇ ਸ਼ਹਿਰ ਵਿਚ ਕੇਬਲ ਨੰਬਰ ਲਈ ਤੁਸੀਂ ਕੇਬਲ ਕੰਪਨੀ ਨੂੰ ਫੋਨ ਕਰੋ।

ਪਾਕਿ ਨਾਲ ਲਗਦੀ ਸਰਹੱਦੀ ਪੱਟੀ 'ਚ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾਣਗੇ — ਬੂਟਾ ਸਿੰਘ

ਨਵੀਂ ਦਿੱਲੀ — ਕੇਂਦਰੀ ਗ੍ਰਹਿ ਮੰਤਰੀ ਸ: ਬੂਟਾ ਸਿੰਘ ਨੇ ਰਾਜ ਸਭਾ ਵਿਚ ਦੱਸਿਆ ਕਿ ਪੰਜਾਬ, ਜੰਮੂ ਤੇ ਕਸ਼ਮੀਰ ਵਿਚ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਸੁਰੱਖਿਆ ਪੱਟੀ ਹੋਰ ਮਜ਼ਬੂਤ ਕੀਤੀ ਜਾਏਗੀ। ਇਸ ਉਦੇਸ਼ ਲਈ ਉਨ੍ਹਾਂ ਨੇ ਮੌਜੂਦਾ ਵਿਵਸਥਾਵਾਂ ਵਿਚ ਸੋਧ ਲਈ ਸੰਸਦ ਦੇ ਸਾਰੇ ਵਰਗਾਂ ਤੋਂ ਸਹਿਯੋਗ ਮੰਗਿਆ। ਸ: ਬੂਟਾ ਸਿੰਘ ਨੇ 25 ਜੁਲਾਈ ਨੂੰ ਪੰਜਾਬ ਵਿਚ ਮੁਕਤਸਰ ਦੇ ਨੇੜੇ 15 ਬੱਸਾਂ ਮੁਸਾਫਿਰਾਂ ਦੇ ਦਰਦਨਾਕ ਕਤਲਾਂ ਅਤੇ 26 ਜੁਲਾਈ ਨੂੰ ਦਿੱਲੀ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਬਾਰੇ ਇਕ ਬਿਆਨ ਦੇਂਦਿਆਂ ਐਲਾਨ ਕੀਤਾ ਕਿ ਸਰਕਾਰ ਹਿੰਸਾ ਫੈਲਾਉਣ ਵਾਲੇ ਲੋਕਾਂ ਵਿਰੁੱਧ ਸਖਤ ਕਾਰਵਾਈ ਕਰਨ ਲਈ ਵਚਨਬੱਧ ਹੈ। ਗ੍ਰਹਿ ਮੰਤਰੀ ਮੁਕਤਸਰ ਦੇ ਨੇੜੇ ਪੰਦਰਾਂ ਬੱਸ ਮੁਸਾਫਿਰਾਂ ਦੇ ਕਤਲਾਂ ਵਾਲੀ ਥਾਂ ਤੇ ਸਥਿਤੀ ਦਾ ਜਾਇਜ਼ਾ ਲੈਣ ਗਏ ਸਨ। ਉਨ੍ਹਾਂ ਕਿਹਾ ਕਿ ਦਹਿਸ਼ਤਪਸੰਦਾਂ ਵਿਰੁੱਧ ਸਖਤ ਕਾਰਵਾਈ ਲਈ ਹੁਕਮ ਦੇ ਦਿਤੇ ਗਏ ਹਨ। ਉਨ੍ਹਾਂ ਨੇ ਲੋਕਾਂ ਦੇ ਸਾਰੇ ਵਰਗਾਂ ਅਤੇ ਫਿਰਕਿਆਂ ਨੂੰ ਅਮਨ ਅਤੇ ਫਿਰਕੂ ਭਾਈਚਾਰਾ ਕਾਇਮ ਰੱਖਣ ਲਈ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਤਿੰਨ ਸਰਹੱਦੀ ਜ਼ਿਲਿਆਂ ਵਿਚ ਫੌਜ ਦੇ ਫਲੈਗ ਮਾਰਚ ਕਰਵਾਏ ਗਏ ਹਨ। ਮੁਕਤਸਰ ਨੇੜੇ ਹੋਈ ਮੰਦਭਾਗੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਕਾਤਲਾਂ ਨੂੰ ਫੜਨ ਲਈ ਪੂਰੀ ਵਾਹ ਲਾਈ ਜਾ ਰਹੀ ਹੈ ਅਤੇ ਦਹਿਸ਼ਤਗਰਦ ਸਰਗਰਮੀਆਂ ਨੂੰ ਕੁਚਲਣ ਲਈ ਸਰਕਾਰ ਨੇ ਪੱਕਾ ਨਿਸਚਾ ਕਰ ਰੱਖਿਆ ਹੈ। ਅਜਿਹੀਆਂ ਸਰਗਰਮੀਆਂ ਕਿਸੇ ਹਾਲਤ 'ਚ ਸਹਿਣ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਨੇ ਮੁੱਖ ਮੰਤਰੀ ਸ: ਬਰਨਾਲਾ ਨਾਲ ਇਸ ਮਾਮਲੇ ਤੇ ਪੂਰੀ ਵਿਚਾਰ ਕੀਤੀ ਤੇ ਗ੍ਰਹਿ ਮੰਤਰੀ ਨੇ ਬੱਸ ਗੋਲੀ ਕਾਂਡ ਦੇ ਵੇਰਵੇ ਦਸਦਿਆਂ ਕਿਹਾ ਕਿ ਉਸ ਬੱਸ ਵਿਚ 75 ਮੁਸਾਫਿਰ ਸਨ। ਜਦੋਂ ਪਿੰਡ ਲੁਬਾਣੀਵਾਲਾ ਦੇ ਨੇੜੇ ਬੱਸ ਪਹੁੰਚੀ ਤਾਂ ਦਹਿਸ਼ਤਪਸੰਦਾਂ ਨੇ ਬੱਸ ਅਗਵਾ ਕਰ ਲਈ ਤੇ ਪਿੰਡ ਕਾਨਿਆਂਵਾਲੀ ਵੱਲ ਲੈ ਗਏ। ਉਥੇ 21 ਮੁਸਾਫਿਰਾਂ ਨੂੰ ਗੋਲੀ ਮਾਰੀ ਗਈ ਜਿਨ੍ਹਾਂ ਵਿਚੋਂ 14 ਦੀ ਮੌਤ ਹੋ ਗਈ ਅਤੇ ਸੱਤ ਬੰਦੇ ਫੱਟੜ ਹੋ ਗਏ ਜੋ ਦੋਵਾਂ ਫਿਰਕਿਆਂ ਦੇ ਹਨ। ਇਸ ਪਿਛੋਂ ਉਹ ਲੋਕ ਇਕ ਟਰੈਕਟਰ ਤੇ ਸਵਾਰ ਹੋ ਕੇ ਫਰਾਰ ਹੋ ਗਏ। ਪੰਜਾਬ ਦੇ ਸਾਰੇ ਪੁਲਸ ਥਾਣਿਆਂ ਨੂੰ ਸਾਵਧਾਨ ਕਰ ਦਿੱਤਾ ਗਿਆ, ਪੁਲਸ ਦੀ ਗਸ਼ਤ ਤੇਜ਼ ਕਰ ਦਿਤੀ ਗਈ ਤੇ ਦਹਿਸ਼ਤਗਰਦਾਂ ਦੇ ਸੰਭਾਵੀ ਅੱਡਿਆਂ ਤੇ ਛਾਪੇ ਮਾਰੇ ਜਾ ਰਹੇ ਹਨ ਜਦੋਂ ਕਿ ਦੋਸ਼ੀਆਂ ਨੂੰ ਫੜਨ ਲਈ ਗੁਆਂਢੀ ਰਾਜਾਂ ਨੂੰ ਵੀ ਸਾਵਧਾਨ ਕਰ ਦਿੱਤਾ ਗਿਆ ਹੈ।

ਦਿੱਲੀ ਦੇ ਕੁਝ ਹਿੱਸਿਆਂ ਵਿਚ 26 ਜੁਲਾਈ ਨੂੰ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਮੁਕਤਸਰ ਨੇੜੇ ਹੋਏ ਕਤਲਾਂ ਦੀ ਖਬਰ ਮਿਲਣ ਤੇ ਇਹ ਹੋਈਆਂ। ਇਸ ਪਿਛੋਂ ਕਰਫਿਊ ਲਾ ਦਿੱਤਾ ਗਿਆ। ਫੌਜ ਨੇ ਫਲੈਗ ਮਾਰਚ ਕੀਤਾ ਤੇ ਗਸ਼ਤ ਤੇਜ਼ ਕਰ ਦਿਤੀ ਗਈ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਨੂੰ ਦੰਗੇਬਾਜ਼ਾਂ ਨਾਲ ਸਖਤੀ ਨਾਲ ਨਿਪਟਣ ਦੇ ਹੁਕਮ ਦਿਤੇ ਗਏ। ਸ: ਬੂਟਾ ਸਿੰਘ ਨੇ ਕਿਹਾ ਕਿ 26 ਜੁਲਾਈ ਨੂੰ ਦਿੱਲੀ ਦੇ ਤਿਲਕ ਨਗਰ ਚੌਂਕ ਵਿਚ ਲਗਪਗ 1000 ਵਿਅਕਤੀ ਇਕੱਠੇ ਹੋ ਗਏ ਜਿਨ੍ਹਾਂ ਨੂੰ ਪੁਲਸ ਨੇ ਤਿੱਤਰ-ਬਿੱਤਰ ਕਰ ਦਿਤਾ ਪਰ ਕਈ ਹੋਰ ਥਾਵਾਂ ਤੇ ਲੋਕ ਫੇਰ ਇਕੱਠੇ ਹੋ ਗਏ ਜਿਸ ਤੇ ਪੁਲਸ ਨੂੰ ਲਾਠੀਚਾਰਜ ਤੇ ਅੱਥਰੂ ਗੈਸ ਦੀ ਵਰਤੋਂ ਤੋਂ ਪਿਛੋਂ ਫਾਇਰਿੰਗ ਕਰਨੀ ਪਈ ਜਿਸ ਵਿਚ ਪੰਜ ਵਿਅਕਤੀ ਮਾਰੇ ਗਏ ਅਤੇ ਹੋਰ 47 ਫੱਟੜ ਹੋ ਗਏ। ਇਸ ਸਬੰਧ ਵਿਚ 69 ਵਿਅਕਤੀ ਗ੍ਰਿਫਤਾਰ ਕੀਤੇ ਗਏ। ਰਾਜਧਾਨੀ ਦੇ ਕੁਝ ਦੂਸਰੇ ਹਿੱਸਿਆਂ ਵਿਚ ਛੋਟੀਆਂ ਮੋਟੀਆਂ ਘਟਨਾਵਾਂ ਵੀ ਹੋਈਆਂ। ਪੁਲਸ ਨੇ ਲੋਕਾਂ ਨੂੰ ਖਿੰਡਾ ਦਿਤਾ ਤੇ ਪੰਦਰਾਂ ਬੰਦੇ ਫੜੇ ਲਏ।

ਸ: ਬੂਟਾ ਸਿੰਘ ਨੇ ਪੰਜਾਬ ਵਿਚ ਪਿਛਲੇ ਪੰਜ ਸਾਲਾਂ ਦੀ ਰਾਜਸੀ ਹਲਚਲ ਦਾ ਜ਼ਿਕਰ ਕਰਦਿਆਂ ਇਸ ਗੱਲ ਤੇ ਅਫਸੋਸ ਪ੍ਰਗਟ ਕੀਤਾ ਕਿ ਜਿਹੜੇ ਲੋਕਾਂ ਨੇ 1965 ਦੀ ਜੰਗ ਵਿਚ ਇਕ ਵੀ ਪਾਕਿਸਤਾਨੀ ਛਾਤਾਬਾਜ਼ ਨੂੰ ਨਹੀਂ ਬਖਸ਼ਿਆ ਸੀ ਹੁਣ ਉਹੀ ਲੋਕ ਦੇਸ਼ ਦੇ ਦੁਸ਼ਮਣਾਂ ਨੂੰ ਪਨਾਹ ਦੇ ਰਹੇ ਹਨ। ਉਹਨਾਂ ਨੇ ਲੋਕਾਂ ਨੂੰ ਕਿਹਾ ਕਿ ਉਹ ਰੌ ਵਿਚ ਨਾ ਆਉਣ ਤੇ ਇਸ ਸਮੱਸਿਆ ਨੂੰ ਅਮਨ ਤੇ ਕਾਨੂੰਨ ਦੇ ਨੁਕਤੇ ਤੋਂ ਵੇਖਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਮੁਕਤਸਰ ਦੇ ਕਤਲਾਂ ਤੋਂ ਜਨਰਲ ਡਾਇਰ ਦਾ ਭੂਤ ਵੀ ਕੰਬ ਗਿਆ ਹੋਵੇਗਾ। ਮ੍ਰਿਤਕ ਬਸ ਮੁਸਾਫਰਾਂ ਵਿਚ ਬਹੁਤੇ 15 ਤੇ 25 ਸਾਲਾਂ ਦੇ ਵਿਚਾਲੇ ਉਮਰ ਦੇ ਸਨ। ਸ: ਬੂਟਾ ਸਿੰਘ ਨੇ ਆਪੋਜ਼ੀਸ਼ਨ ਪਾਰਟੀਆਂ ਨੂੰ ਆਪਣੇ ਰਾਜਸੀ ਮਤਭੇਦ ਭੁਲਾ ਕੇ ਦਹਿਸ਼ਤਗਰਦਾਂ ਤੇ ਦੇਸ਼ ਧਰੋਹੀ ਤੱਤਾਂ ਨੂੰ ਅਲੱਗ ਥਲੱਗ ਕਰਨ ਦੀ ਅਪੀਲ ਕੀਤੀ। ਰਾਜ ਸਭਾ ਦੇ ਮੈਂਬਰਾਂ ਨੇ ਜਾਨਣਾ ਚਾਹਿਆ ਕਿ ਕੇਂਦਰ ਇਹਨਾਂ ਤੱਤਾਂ ਨੂੰ ਅਲੱਗ ਥਲੱਗ ਕਰਨ ਲਈ ਕੀ ਕਦਮ ਚੁਕ ਰਿਹਾ ਹੈ। ਉਹਨਾਂ ਨੇ ਪੁਲਸ ਅਤੇ ਦਿੱਲੀ ਪ੍ਰਸ਼ਾਸਨ ਦੋਵਾਂ ਨੂੰ ਡਿਊਟੀ ਵਿਚ ਲਾਪਰਵਾਹੀ ਲਈ ਦੋਸ਼ ਠਹਿਰਾਇਆ ਕਿਉਂਕਿ ਉਨ੍ਹਾਂ ਨੇ ਨਵੰਬਰ 1984 ਦੇ ਦੰਗਿਆਂ ਤੋਂ ਕੋਈ ਸਬਕ ਨਹੀਂ ਸਿਖਿਆ ; ਗ੍ਰਹਿ ਮੰਤਰੀ ਨੇ ਮੰਨਿਆ ਕਿ ਸਥਿਤੀ ਬਹੁਤ ਵਿਗੜ ਚੁਕੀ ਹੈ। ਉਹਨਾਂ ਕਿਹਾ ਕਿ ਸਰਕਾਰ ਕੁਝ ਜ਼ਬਰਦਸਤ ਕਦਮ ਚੁਕ ਰਹੀ ਹੈ। ਹੁਣ ਇਹ ਫੈਸਲਾ ਕਰਨਾ ਹਾਊਸ ਦਾ ਕੰਮ ਹੈ ਕਿ ਕੀ ਮੌਜੂਦਾ ਕਾਨੂੰਨਾਂ ਰਾਹੀਂ ਨਿਪਟਿਆ ਜਾਵੇ ਜਾਂ ਅਸਾਧਾਰਨ ਤੇ ਸਖਤ ਕਦਮ ਚੁਕੇ ਜਾਣ ਜਦੋਂ ਕਿ ਕਾਨੂੰਨ ਦੀਆਂ ਮੌਜੂਦਾ ਵਿਵਸਥਾਵਾਂ ਅਧੀਨ ਸਥਿਤੀ ਨਾਲ ਨਿਪਟਣਾ ਕਠਨ ਹੈ। ਉਹਨਾਂ ਨੇ ਭਾਜਪਾ ਵਲੋਂ 'ਦਿੱਲੀ ਬੰਦ' ਦੇ ਸੱਦੇ ਨੂੰ ਅਫਸੋਸਨਾਕ ਦਸਿਆ ਤੇ ਕਿਹਾ ਕਿ ਬੰਦ ਵਾਪਸ ਲੈਣ ਦੀਆਂ ਅਪੀਲਾਂ ਦਾ ਵੀ ਕੋਈ ਅਸਰ ਨਹੀਂ ਹੋਇਆ। ਸਪੀਕਰ ਸ੍ਰੀ ਜਾਖੜ ਨੇ ਸਾਰੇ ਵਰਗਾਂ ਨੂੰ ਇਕਮੁੱਠ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਇਹ ਕਿਸੇ ਇਕ ਫਿਰਕੇ, ਇਕ ਜ਼ਾਤ ਜਾਂ ਇਕ ਪਾਰਟੀ ਦਾ ਕੰਮ ਨਹੀਂ। ਸਭ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਤਾਂ ਕਿ ਅਜਿਹੀ ਘਟਨਾ ਫਿਰ ਨਾ ਵਾਪਰੇ। ਦੇਸ਼ ਨੂੰ ਅਸਥਿਰ ਬਨਾਣ ਦੀ ਸਾਜ਼ਸ਼ ਦਾ ਸਖਤੀ ਨਾਲ ਟਾਕਰਾ ਕਰਨ ਵਾਸਤੇ ਹਾਊਸ ਨੂੰ ਇਕ ਮਤ ਹੋਣਾ ਚਾਹੀਦਾ ਹੈ। ਮਾਰਕਸੀ ਮੈਂਬਰ ਸ੍ਰੀ ਵਿਪਨ ਘੋਸ਼ ਨੇ ਦੋਸ਼ ਲਾਇਆ ਕਿ ਪੰਜਾਬ ਵਿਚ ਇਕ ਫਿਰਕੇ ਦੇ ਲੋਕਾਂ ਦੇ ਕਤਲ ਦੀ ਸਾਜ਼ਸ਼ ਰਚੀ ਗਈ ਹੈ ਤਾਂ ਕਿ ਰਾਜਧਾਨੀ ਵਿਚ ਗੜਬੜ ਹੋਵੇ ਅਤੇ ਘੱਟ ਗਿਣਤੀਆਂ ਦੀ ਹਿਜਰਤ ਨਾਲ "ਖਾਲਿਸਤਾਨ" ਦੀ ਮੰਗ ਜ਼ੋਰ ਫੜੇ। ਉਹਨਾਂ ਨੇ ਇਸ ਗੱਲ ਤੇ ਅਫਸੋਸ ਪ੍ਰਗਟ ਕੀਤਾ ਕਿ ਕੁਝ ਰਾਜਸੀ ਪਾਰਟੀਆਂ ਉਹ ਕੁਝ ਨਹੀਂ ਕਰ ਰਹੀਆਂ, ਜੋ ਆਸ ਕੀਤੀ ਜਾਂਦੀ ਸੀ।

ਜਨਰਲ ਜਗਜੀਤ ਸਿੰਘ ਅਰੋੜਾ (ਅਕਾਲੀ) ਨੇ ਮੁਕਤਸਰ ਕਤਲ ਕਾਂਡ ਨੂੰ ਘਿਨਾਉਣੀ ਕਾਰਵਾਈ ਕਰਾਰ ਦੇਂਦਿਆਂ ਇਸ ਗੱਲ ਤੇ ਜ਼ੋਰ ਦਿਤਾ ਕਿ ਪੰਜਾਬ ਵਿਚ ਦਹਿਸ਼ਤਗਰਦਾਂ ਦੀ ਹਿੰਸਾ ਨਾਲ ਇਕਮੁਠ ਹੋ ਕੇ ਨਿਪਟਿਆ ਜਾਏ। ਫਾਰਵਰਡ ਬਲਾਕ ਦੇ ਚਿਤਾ ਬਾਸੂ ਨੇ ਦਿੱਲੀ ਘਟਨਾਵਾਂ ਦੀ ਵਿਆਪਕ ਜਾਂਚ ਦੀ ਮੰਗ ਕੀਤੀ। ਇੰਕਾ ਦੇ ਐਸ. ਐਸ. ਆਹਲੂਵਾਲੀਆ ਨੇ ਕਿਹਾ ਕਿ ਦਹਿਸ਼ਤਵਾਦ ਦੇ ਟਾਕਰੇ ਦੇ ਨਾਂ ਤੇ ਪੰਜਾਬ ਤੋਂ ਹਿਜਰਤ 'ਜਥੇਬੰਦ' ਕੀਤੀ ਜਾ ਰਹੀ ਹੈ ਜਿਸ ਨਾਲ ਇਕ ਨਵਾਂ ਹਿੰਦੂ ਅਤਿਵਾਦ ਪੈਦਾ ਹੋ ਗਿਆ।

ਸ਼ਸ਼ਪਾਲ ਸਿੰਘ ਵਲੋਂ ਸ: ਬਾਦਲ ਤੇ ਮੌਕਾਪ੍ਰਸਤ ਹੋਣ ਦਾ ਦੋਸ਼

ਅੰਮ੍ਰਿਤਸਰ — ਜਨ ਸਿਹਤ ਰਾਜ ਮੰਤਰੀ ਸ੍ਰੀ ਸ਼ਸ਼ਪਾਲ ਸਿੰਘ ਨੇ ਬਾਗੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਤੇ ਦੋਸ਼ ਲਗਾਇਆ ਹੈ ਕਿ ਮੌਕਾਪ੍ਰਸਤ ਸਿਆਸਤਦਾਨ ਹਨ ਅਤੇ ਉਹ ਆਪਣੇ ਸਿਆਸੀ ਸਵਾਰਥਾਂ ਕਾਰਨ ਪੰਥਕ ਸਰਕਾਰ ਨੂੰ ਡੇਗਣਾ ਚਾਹੁੰਦੇ ਹਨ। ਇਥੇ ਸ਼ਸ਼ਪਾਲ ਸਿੰਘ ਨੇ ਕਿਹਾ ਕਿ ਸ: ਪ੍ਰਕਾਸ਼ ਸਿੰਘ ਬਾਦਲ ਅਜਿਹੇ ਵਿਅਕਤੀ ਹਨ ਜਿਹੜੇ ਕਿ ਆਪਣੇ ਸਵਾਰਥਾਂ ਲਈ ਦੋਗਲੀ ਨੀਤੀ ਵੀ ਅਪਨਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਕਦੇ ਤਾਂ ਹਿੰਦੂ ਸਿਖ ਏਕਤਾ ਦੇ ਹਮਾਇਤੀ ਬਣ ਜਾਂਦੇ ਹਨ ਅਤੇ ਕਦੇ ਉਹ ਉਨ੍ਹਾਂ ਅਤਿਵਾਦੀਆਂ ਜਿਹੜੇ ਹਿੰਦੂ ਸਿੱਖਾਂ ਦੇ ਪਵਿਤਰ ਰਿਸ਼ਤੇ ਵਿਚ ਪਾੜਾ ਪਾਉਣ ਲਈ ਹਰ ਸੰਭਵ ਯਤਨ ਕਰਦੇ ਹਨ ਤੇ ਬਾਅਦ ਵਿਚ ਪੁਲਸ ਮੁਕਾਬਲਿਆਂ ਵਿਚ ਮਾਰੇ ਜਾਂਦੇ, ਨਮਿਤ ਰਖੇ ਜਾਣ ਵਾਲੇ ਅਖੰਡ ਪਾਠਾਂ ਦੇ ਭੋਗਾਂ ਵਿਚ ਸ਼ਾਮਲ ਹੁੰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀ ਨੀਤੀ ਪੰਜਾਬ ਲਈ ਵਧੇਰੇ ਹਾਨੀਕਾਰਕ ਹੈ। ਰਾਜ ਮੰਤਰੀ ਨੇ ਬਾਦਲ ਤੇ ਆਪਣੇ ਨਿਜੀ ਸਿਆਸੀ ਸਵਾਰਥਾਂ ਦੀ ਖਾਤਰ ਪੰਜਾਬ ਅਤੇ ਅਕਾਲੀ ਦਲ ਨੂੰ ਨੁਕਸਾਨ ਪਹੁੰਚਾਉਣ ਦਾ ਵੀ ਦੋਸ਼ ਲਗਾਇਆ ਤੇ ਕਿਹਾ ਕਿ ਇਹ ਲੜਾਈ ਕੁਰਸੀ ਲਈ ਹੈ। ਸ੍ਰੀ ਸ਼ਸ਼ਪਾਲ ਸਿੰਘ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਪੰਜਾਬ ਸਮਝੌਤੇ ਨੂੰ ਤੁਰੰਤ ਲਾਗੂ ਕਰੇ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਕਦੇ ਪਹਿਲੇ ਲਾਗੂ ਕੀਤਾ ਹੁੰਦਾ ਤਾਂ ਅਜ ਪੰਜਾਬ ਦੀ ਸਥਿਤੀ ਅਜਿਹੀ ਨਾ ਹੁੰਦੀ।

ਨਿਰਦੋਸ਼ ਬੰਦਿਆਂ ਦੇ ਕਤਲਾਂ ਵਿਰੁੱਧ ਹੁਕਮਨਾਮਾ ਜਾਰੀ ਕਰੋ - ਉਮਰਾਨੰਗਲ

ਅੰਮ੍ਰਿਤਸਰ — ਸੀਨੀਅਰ ਅਕਾਲੀ ਨੇਤਾ ਜ: ਜੀਵਨ ਸਿੰਘ ਉਮਰਾਨੰਗਲ ਨੇ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਉਹ ਦਹਿਸ਼ਤਪਸੰਦਾਂ ਹੱਥੋਂ ਨਿਰਦੋਸ਼ ਵਿਅਕਤੀਆਂ ਦੇ ਕਤਲਾਂ ਵਿਰੁੱਧ ਹੁਕਮਨਾਮਾ ਜਾਰੀ ਕਰਨ। ਆਪਣੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਦੀ ਸਿੱਖਿਆ ਵਿਚ 'ਹਿੰਸਾ' ਲਈ ਕੋਈ ਥਾਂ ਨਹੀਂ ਅਤੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਹਿੰਸਾ ਦੀ ਹਮਾਇਤ ਵਿਚ ਕੋਈ ਗੱਲ ਨਹੀਂ ਕਹੀ ਗਈ। ਉਨ੍ਹਾਂ ਸਪੱਸ਼ਟ ਕੀਤਾ ਕਿ ਦਹਿਸ਼ਤਪਸੰਦ ਕਾਰਵਾਈਆਂ ਕਰਨ ਵਾਲੇ ਸਿੱਖ ਨਹੀਂ ਹਨ, ਸਗੋਂ ਸਿੱਖਾਂ ਦੇ ਭੇਸ ਵਿਚ ਹਨ। ਜ: ਉਮਰਾਨੰਗਲ ਨੇ ਦਿੱਲੀ ਵਿਚ ਹਿੰਸਕ ਘਟਨਾਵਾਂ ਉਤੇ ਚਿੰਤਾ ਪ੍ਰਗਟਾਈ ਅਤੇ ਮੰਗ ਕੀਤੀ ਕਿ ਕੇਂਦਰ ਇਨ੍ਹਾਂ ਵਾਰਦਾਤਾਂ ਨੂੰ ਸਖਤੀ ਨਾਲ ਦਬਾ ਦੇਵੇ ਨਹੀਂ ਤਾਂ ਫਿਰਕੂ ਹਿੰਸਾ ਦੇਸ਼ ਭਰ ਵਿਚ ਫੈਲ ਜਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹਿੰਦੂਆਂ ਸਿੱਖਾਂ ਵਿਚਕਾਰ ਕੋਈ ਖਿਚਾਅ ਨਹੀਂ। ਪਰ ਦੇਸ਼ ਦੇ ਦੂਜੇ ਭਾਗਾਂ ਵਿਚ ਕੁਝ ਤਾਕਤਾਂ ਅਜਿਹੀ ਸਥਿਤੀ ਪੈਦਾ ਕਰਨ ਲਈ ਸਰਗਰਮ ਹਨ। ਉਨ੍ਹਾਂ ਸਿੱਖ ਨੇਤਾਵਾਂ ਤੇ ਜ਼ੋਰ ਦਿਤਾ ਕਿ ਦਹਿਸ਼ਤਪਸੰਦਾਂ ਵਲੋਂ ਕਤਲ ਦੀ ਸਖਤ ਨਿਖੇਧੀ ਕਰਨ।

ਬਲਦੇਵ ਸਿੰਘ ਗ੍ਰਿਫਤਾਰ

ਫਿਰੋਜ਼ਪੁਰ — ਪੁਲਸ ਨੇ 'ਪੰਥਕ ਕਮੇਟੀ' ਦੇ ਇਕ ਮੈਂਬਰ ਦੇ ਇਕ ਸਾਥੀ ਬਲਦੇਵ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਜਿਸ ਦਾ 15 ਕਤਲ ਕੇਸਾਂ ਵਿਚ ਹੱਥ ਦੱਸਿਆ ਗਿਆ ਹੈ। ਜ਼ਿਲਾ ਪੁਲਸ ਮੁਖੀ ਸ੍ਰੀ ਆਰ ਐਸ ਚਾਲੀਆ ਨੇ ਅੱਜ ਦੱਸਿਆ ਕਿ ਬਲਦੇਵ ਸਿੰਘ ਨੂੰ ਗੁਰੂ ਹਰਿਸਹਾਏ ਨੇੜੇ ਛੇ ਵਿਅਕਤੀਆਂ ਦੇ ਕਤਲ ਅਤੇ ਫਿਰੋਜ਼ਪੁਰ ਛਾਉਣੀ ਵਿਖੇ ਭਾਜਪਾ ਆਗੂ ਓਮ ਪ੍ਰਕਾਸ਼ ਸੇਠੀ ਦੇ ਕਤਲ ਦੇ ਕਾਂਡਾਂ ਵਿਚ ਆਪਣਾ ਹੱਥ ਮੰਨਿਆ ਹੈ। ਪੁਲਸ ਨੇ ਕਿਹਾ ਹੈ ਕਿ ਉਸ ਪਾਸੋਂ ਇਕ ਬਦੇਸ਼ੀ ਰਿਵਾਲਵਰ ਇਕ ਰਾਈਫਲ ਅਤੇ ਕਈ ਕਾਰਤੂਸ ਮਿਲੇ ਹਨ

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

ਦੱਖਣਂ ਅਫ਼ਰੀਕਾ ਸਬੰਧੀ ਕਾਮਨਵੈਲਥ ਦੇਸ਼ਾਂ ਦਾ ਰੋਲ

ਦੱਖਣੀ ਅਫ਼ਰੀਕਾ ਦੀ ਨਸਲਵਾਦੀ ਸਰਕਾਰ ਵਿਰੁੱਧ ਲੰਡਨ ਵਿਚ ਹੁਣੇ ਹੀ ਇਕ ਸੱਤ - ਦੇਸ਼ਾਂ ਦੀ ਉਚ-ਪੱਧਰੀ ਮੀਟਿੰਗ ਹੋਈ ਹੈ ਜਿਸ ਵਿਚ ਇੰਗਲੈਂਡ ਨੂੰ ਛੱਡ ਕੇ ਬਾਕੀ ਦੇ ਛੇ ਦੇਸ਼ਾਂ ਕੈਨੇਡਾ, ਭਾਰਤ, ਆਸਟਰੇਲੀਆ, ਜਾਂਬੀਆ, ਜ਼ਿੰਮਾਮਬੇ ਤੇ ਬਹਾਮਾਜ਼ ਨੇ ਨਸਲਵਾਦੀ ਸਰਕਾਰ ਵਿਰੁੱਧ ਆਰਥਿਕ ਪਾਬੰਦੀਆਂ ਲਾਉਣ ਦਾ ਫੈਸਲਾ ਲਿਆ ਹੈ। ਇਸ ਫੈਸਲੇ ਨਾਲ ਬੇਸ਼ੱਕ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਉਤੇ ਬਹੁਤਾ ਪ੍ਰਭਾਵ ਨਾ ਪਵੇ ਪਰ ਇਸ ਫੈਸਲੇ ਦੀ ਇਤਿਹਾਸਕ ਮਹਾਨਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਛੇ ਦੇਸ਼ਾਂ ਨੇ ਦੁਨੀਆਂ ਦੇ ਬਾਕੀ ਦੇਸ਼ਾਂ ਦੀ ਅਗਵਾਈ ਕਰਕੇ ਇਹ ਦੱਸ ਦਿਤਾ ਹੈ ਕਿ ਦੱਖਣੀ ਅਫਰੀਕਾ ਦੀ ਘੱਟ ਗਿਣਤੀ ਗੋਰੀ ਸਰਕਾਰ ਦਾ ਤਖਤਾ ਉਲਟਾਇਆ ਜਾਣਾ ਲਾਜ਼ਮੀ ਹੈ। ਇਸ ਵਿਚ ਹੁਣ ਕੋਈ ਸ਼ੱਕ ਨਹੀਂ ਰਿਹਾ ਕਿ ਦੁਨੀਆਂ ਦੇ ਬਾਕੀ ਦੇਸ਼ ਵੀ ਆਰਥਿਕ ਪਾਬੰਦੀਆਂ ਲਾਉਣ ਲਈ ਮਜ਼ਬੂਰ ਹੋਣਗੇ।


ਜਿਥੇ ਇਸ ਉਚ-ਪੱਧਰੀ ਮੀਟਿੰਗ ਨੇ ਇੰਗਲੈਂਡ ਦੀ ਅੜਬ ਪ੍ਰਧਾਨ ਮੰਤਰੀ ਨੂੰ ਇਹ ਦੱਸ ਦਿਤਾ ਹੈ ਕਿ ਇੰਗਲੈਂਡ ਦੀ ਕਾਮਨਵੈਲਥ ਵਿਚ ਕੋਈ ਮਹੱਤਤਾ ਨਹੀਂ ਰਹੀ ਉਥੇ ਕੈਨੇਡਾ ਦੇ ਪ੍ਰਧਾਨ ਮੰਤਰੀ ਤੇ ਬਦੇਸ਼ ਮੰਤਰੀ ਨੇ ਆਸਟਰੇਲੀਆ ਤੇ ਭਾਰਤ ਨਾਲ ਭਾਈਵਾਲੀ ਪਾ ਕੇ ਇੰਗਲੈਂਡ ਦੇ ਰੋਲ ਨੂੰ ਹੋਰ ਵੀ ਘਟਾ ਦੇਣ ਵਿਚ ਮੱਦਦ ਕੀਤੀ ਹੈ। ਇੰਗਲੈਂਡ ਵਿਚ ਥੈਚਰ ਪਿਛੇ ਉਸ ਦੀ ਆਪਣੀ ਟੋਰੀ ਪਾਰਟੀ ਵੀ ਨਹੀਂ ਖਲੋਤੀ। ਟੋਰੀ ਮੈਂਬਰਾਂ ਨੇ ਸ਼ਰੇਆਮ ਮਾਰਗਰੇਟ ਥੈਚਰ ਦੀ ਧੌੜੀ ਲਾਹੀ ਹੈ ਕਿ ਨਸਲਵਾਦ ਦਾ ਵਿਰੋਧ ਕਰਨਾ ਹੀ ਪਵੇਗਾ। ਦੂਜੇ ਪਾਸੇ ਦੱਖਣੀ ਅਫਰੀਕਾ ਦੀ ਘੱਟ ਗਿਣਤੀ ਗੋਰੀ ਸਰਕਾਰ ਨੂੰ ਠੁੰਮਣਾ ਦੇ ਕੇ ਰੱਖਣ ਵਾਲਾ ਰੇਗਨ ਵੀ ਆਪਣੇ ਸੈਨੇਟਰਾਂ ਦੇ ਗੁੱਸੇ ਦਾ ਸ਼ਿਕਾਰ ਹੋ ਰਿਹਾ ਹੈ। ਇਸ ਤਰ੍ਹਾਂ ਥੈਚਰ ਤੇ ਰੇਗਨ ਦੋਵਾਂ ਨੂੰ ਹੀ ਮੂੰਹ ਦੀ ਖਾਣੀ ਪੈ ਰਹੀ ਹੈ।

ਆਪਣੀਆਂ ਆਰਥਿਕ ਗਰਜ਼ਾਂ ਲਈ ਇੰਗਲੈਂਡ ਅਤੇ ਅਮਰੀਕਾ ਮਨੁੱਖੀ ਕਦਰਾਂ ਕੀਮਤਾਂ ਨੂੰ ਬਹੁਤੀ ਦੇਰ ਹੁਣ ਪੈਰਾਂ ਥੱਲੇ ਰੋਂਦ ਨਹੀਂ ਸਕਣਗੇ। ਅਫਰੀਕਾ ਦੇ ਨਿੱਕੇ ਨਿੱਕੇ ਦੇਸ਼ ਦੱਖਣੀ ਅਫਰੀਕੀ ਸਾਮਰਾਜ ਦੀਆਂ ਸਾਜ਼ਸ਼ਾਂ ਦਾ ਬਹੁਤ ਚਿਰ ਸ਼ਿਕਾਰ ਰਹੇ ਹਨ। ਹੁਣ ਵੀ ਜਾਂਬੀਆ, ਜ਼ਿੰਮਾਮਬੇ ਤੇ ਬੋਸਤਵਾਨਾ ਵਰਗੇ ਦੇਸ਼ਾਂ ਨੂੰ ਗੋਰੀ ਘੱਟ ਗਿਣਤੀ ਸਰਕਾਰ ਵਲੋਂ ਦੱਬਿਆ ਕੁਚਲਿਆ ਜਾਵੇਗਾ ਪਰ ਜਿੱਤ ਅਵੱਸ਼ ਦੱਖਣੀ ਅਫਰੀਕਾ ਦੇ ਆਮ ਲੋਕਾਂ ਦੀ ਹੋਵੇਗੀ। ਇਸ ਵਿਚ ਹੁਣ ਸ਼ੱਕ ਦੀ ਸੰਭਾਵਨਾ ਨਹੀਂ ਰਹੀ।




ਪੰਜਾਬ ਦੇ ਅਕਾਲੀ ਆਗੂ ਬਾਹਰਲੇ ਸਿੱਖਾਂ ਦੀਆਂ ਮੁਸ਼ਕਲਾਂ ਤੋਂ ਬੇਖਬਰ

—ਪ੍ਰੋ: ਪਿਆਰਾ ਸਿੰਘ ਭੋਗਲ—



ਪ੍ਰਕਾਸ਼ ਸਿੰਘ ਬਾਦਲ-ਪੰਜਾਬ ਤੋਂ ਬਾਹਰ ਵੀ ਸਿੱਖ ਰਹਿੰਦੇ ਹਨ।



ਜਗਜੀਤ ਸਿੰਘ ਅਰੋੜਾ-ਪੰਜਾਬ ਤੋਂ ਬਾਹਰਲੇ ਸਿੱਖਾਂ ਦੀ ਅਗਵਾਈ ਦੀ ਚਣੌਤੀ

ਧਰਮ ਮਨੁੱਖ ਦੇ ਦੁਖ-ਦਰਦ ਨੂੰ ਦੂਰ ਕਰਨ ਲਈ ਪੈਦਾ ਹੋਏ ਸਨ। ਧਰਮਾਂ ਨੇ ਮਨੁੱਖਾਂ ਦੀ ਪਰਖ ਉਨ੍ਹਾਂ ਦੇ ਗੁਣਾਂ ਔਗੁਣਾਂ ਦੇ ਆਧਾਰ ਉਤੇ ਕਰਨੀ ਸਿਖਾਈ, ਸਿਰਫ ਬਾਹਰਲੇ ਭੇਖ ਜਾਂ ਸ਼ਕਲ ਦੇ ਆਧਾਰ ਉਤੇ ਨਹੀਂ। ਹਜ਼ਰਤ ਈਸਾ, ਹਜ਼ਰਤ ਮੁਹੰਮਦ ਸਾਹਿਬ, ਮਹਾਤਮਾ ਬੁੱਧ, ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਮਨੁੱਖਾਂ ਨੂੰ ਪਿਆਰ ਕਰਨ ਵਾਲੇ ਮਹਾਂ-ਪੁਰਖ ਸਨ। ਗੁਰੂ ਗੋਬਿੰਦ ਸਿੰਘ ਨੇ ਜਿਹੜੇ ਮਸੰਦ ਸਾੜੇ ਸਨ, ਉਹ ਸਿਖ ਸਨ। ਜਿਹੜੇ ਬੇਦਾਵਾ ਦੇ ਗਏ ਸਨ, ਉਹ ਵੀ ਸਿਖ ਸਨ। ਜਿਹਨਾ ਨੇ ਕਸ਼ਟ ਦੇ ਸਮੇਂ ਉਨ੍ਹਾਂ ਨੂੰ ਉਚ ਦਾ ਪੀਰ ਬਣਾ ਕੇ ਖਤਰੇ ਤੋਂ ਪਾਰ ਕੀਤਾ ਸੀ, ਉਹ ਮੁਸਲਮਾਨ ਸਨ। ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਜਿਨ੍ਹਾਂ ਕਸ਼ਮੀਰੀਆਂ ਦੀ ਪੁਕਾਰ ਸੁਣਕੇ ਕੁਰਬਾਨੀ ਕਰਨ ਲਈ ਤੁਰੇ ਸਨ, ਉਹ ਹਿੰਦੂ ਬ੍ਰਾਹਮਣ ਸਨ। ਭਾਵ ਉਨ੍ਹਾਂ ਨੂੰ ਸਿਖ, ਮੁਸਲਮਾਨ ਤੇ ਹਿੰਦੂ ਉਸਦੇ ਧਰਮ ਕਰਕੇ ਪਿਆਰਾ ਜਾਂ ਦੁਪਿਆਰਾ ਨਹੀਂ ਸੀ, ਉਸ ਦੇ ਗੁਣਾਂ ਕਰਕੇ ਪਿਆਰਾ ਸੀ, ਉਸਦੇ ਕਸ਼ਟ ਕਰਕੇ ਹਮਦਰਦੀ ਦਾ ਪਾਤਰ ਸੀ।

ਪਰ ਅੱਜ ਦੇ ਪੰਜਾਬ ਸਮੇਤ, ਸਾਰੇ ਭਾਰਤ ਵਿਚ ਗੁਣਾਂ ਕਰਕੇ ਨਹੀਂ, ਸਿਰਫ ਬਾਹਰਲੀ ਧਾਰਮਕਤਾ ਕਰਕੇ, ਮਨੁੱਖਾਂ ਨਾਲ ਅਪਣੱਤ ਜਾਂ ਨਫਰਤ ਪ੍ਰਗਟਾਈ ਜਾਂਦੀ ਹੈ। ਪੰਜਾਬ ਦੇ ਕੁਝ ਸਿਖ ਪੰਜਾਬ ਦੇ ਹਿੰਦੂਆਂ ਨੂੰ ਪੰਜਾਬ ਤੋਂ ਬਾਹਰ ਕੱਢ ਦੇਣਾ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਉਹ ਪੰਜਾਬ ਦੇ 'ਗ਼ਦਾਰ' ਹਨ। ਵੱਟੇ ਵਿਚ, ਭਾਰਤ ਦੇ ਦੂਜੇ ਸੂਬਿਆਂ ਦੇ ਹਿੰਦੂ, ਉਥੇ ਵਸਦੇ ਸਿੱਖਾਂ ਨੂੰ, ਉਥੋਂ ਨਿਕਲ ਜਾਣ ਦੀਆਂ ਧਮਕੀਆਂ ਦੇ ਰਹੇ ਹਨ। ਕੋਈ ਦੂਜੇ ਨੂੰ 'ਇਨਸਾਨ' ਦੇ ਰੂਪ ਵਿਚ ਦੇਖਣ ਵਿਚਾਰਨ ਲਈ ਤਿਆਰ ਨਹੀਂ। ਕਿਉਂਕਿ ਕੋਈ ਸ਼ਕਲੋਂ ਹਿੰਦੂ ਜਾਂ ਸਿਖ ਹੈ, ਇਸ ਕਰਕੇ ਬੁਰਾ ਹੈ ਜਾਂ ਚੰਗਾ ਹੈ। ਆਪਣੇ ਧਰਮ ਨੂੰ ਮੰਨਣ ਵਾਲੇ ਲੋਕ ਚੰਗੇ ਹਨ। ਦੂਜੇ ਧਰਮਾਂ ਨੂੰ ਮੰਨਣ ਵਾਲੇ ਬੁਰੇ ਹਨ ਜਾਂ ਸ਼ਤਰੂ ਹਨ। ਇਹ ਸਾਰਾ ਵਿਵਹਾਰ ਧਰਮਾਂ ਦੀ ਸਿਖਿਆ ਦੇ ਬਿਲਕੁਲ ਉਲਟ ਹੈ। ਤੁਅੱਸਬ ਅਤੇ ਨਫਰਤ ਦੀਆਂ ਪੱਟੀ ਅੱਖਾਂ ਉਤੇ ਬੰਨਕੇ ਦੂਜਿਆਂ ਨੂੰ ਦੇਖਿਆ ਜਾ ਰਿਹਾ ਹੈ।

ਮੰਤਰੀ, ਰਾਜਨੀਤਕ ਨੇਤਾ, ਪੱਤਰਕਾਰੀ ਵਿਚ ਕੰਮ ਕਰਨ ਵਾਲੇ ਸੱਜਣਾਂ ਦੀ ਬਹੁਗਿਣਤੀ ਫਿਰਕਾਪ੍ਰਸਤੀ ਦਾ ਸ਼ਿਕਾਰ ਹੋ ਗਈ ਹੈ।

ਕੇਂਦਰੀ ਸਰਕਾਰ ਨੂੰ ਦੇਸ਼ ਦੀਆਂ ਘੱਟ ਗਿਣਤੀਆਂ ਦੀ ਸੁਰੱਖਿਆ ਦੀ ਘੱਟ ਚਿੰਤਾ ਹੈ। 26 ਜੁਲਾਈ 1986 ਨੂੰ ਦਿੱਲੀ ਵਿਚ ਦੰਗੇ ਹੋਏ। ਜਿਸ ਵਿਚ ਲੁੱਟ ਸਾੜ ਫੂਕ ਤੇ ਗੋਲੀ ਦਾ ਸ਼ਿਕਾਰ ਵਧੇਰੇ ਸਿਖ ਹੋਏ ਹਨ। ਬਹੁਤੇ ਪੱਤਰਕਾਰਾਂ ਨੇ ਇਹ ਗੱਲ ਛੁਪਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਨਿਰਪੱਖ ਤੇ ਸੱਚਾਈ ਪਸੰਦ ਪੱਤਰਕਾਰਾਂ ਨੇ ਲਿਖਿਆ ਹੈ ਕਿ ਪੁਲਸ ਕਈ ਘੰਟੇ ਤਮਾਸ਼ਾ ਦੇਖਦੀ ਰਹੀ। ਤਿਲਕ ਨਗਰ ਤੇ ਤਿਲਕ ਵਿਹਾਰ ਕਾਲੋਨੀ, ਜਿਥੇ ਨਵੰਬਰ 1984 ਦੇ ਦੰਗਿਆਂ ਦੀਆਂ ਵਿਧਵਾਵਾਂ ਰਹਿੰਦੀਆਂ ਹਨ ਅਤੇ ਜਿਥੇ ਪੰਜਾਬ ਤੋਂ ਦੁਖੀ ਹੋ ਕੇ ਗਏ ਪੰਜਾਬੀ ਹਿੰਦੂ ਰਹਿੰਦੇ ਹਨ, ਕੱਲ੍ਹ ਦੇ ਦੰਗਿਆਂ ਦਾ ਗੜ੍ਹ ਬਣੀਆਂ। ਇਥੇ ਪੁਲਸ ਤਮਾਸ਼ਾ ਦੇਖਦੀ ਰਹੀ। ਇਕ ਪੱਤਰਕਾਰ ਹਰੀਸ਼ ਗੁਪਤਾ ਨੇ ਲਿਖਿਆ ਹੈ ਕਿ ਮੇਰੀਆਂ ਅੱਖਾਂ ਸਾਹਮਣੇ 2.30 ਵਜੇ ਬਾਅਦ ਦੁਪਹਿਰ ਇਕ ਅੰਬੈਸਡਰ ਕਾਰ ਨੂੰ ਅੱਗ ਲਾ ਦਿੱਤੀ ਗਈ। ਪਰ ਨੇੜੇ ਹੋਣ ਦੇ ਬਾਵਜੂਦ ਪੁਲਸ ਚਾਲੀ ਮਿੰਟ ਬਾਅਦ ਹਰਕਤ ਵਿਚ ਆਈ। ਪਿਛੋਂ ਕਰਫਿਊ ਲਾਏ ਗਏ ਫੌਜ ਤੋਂ ਫਲੈਗ ਮਾਰਚ ਕਰਵਾਏ ਗਏ।

ਅਸਲ ਵਿਚ ਕੇਂਦਰੀ ਸਰਕਾਰ ਦੇ ਮੁਲਾਜ਼ਮ, ਸਮੇਤ ਪੁਲਸ ਦੇ 1984 ਈ: ਤੋਂ ਹੀ ਇਕ-ਪਾਸੜ ਵਿਵਹਾਰ ਕਰਦੇ ਹਨ। ਜੇ ਨਵੰਬਰ 1984 ਦੇ ਦੰਗਾਕਾਰੀਆਂ ਨੂੰ ਕੁਝ ਸਜ਼ਾਵਾਂ ਹੋ ਜਾਂਦੀਆਂ ਤਾਂ ਕੇਂਦਰੀ ਪ੍ਰਸ਼ਾਸਨ ਇਸ ਹੱਦ ਤੱਕ ਫਿਰਕਾਪ੍ਰਸਤ ਨਾ ਬਣਦਾ।

ਪੰਜਾਬ ਵਿਚ ਮਜ਼ਹਬੀ ਨਫਰਤ ਅਤੇ ਫਿਰਕੂ ਹਿੰਸਾ ਕਈ ਸਾਲ ਤੋਂ ਚੱਲ ਰਹੀ ਹੈ। ਇਹ ਮਸਲਾ ਹੱਲ ਕਰਨ ਵਿਚ ਸਹਾਇਤਾ ਦੇਣ ਦੀ ਥਾਂ ਹੋਰ ਉਲਝਾ ਰਹੀ ਹੈ। 25 ਜੁਲਾਈ ਦੀ ਸਵੇਰ ਨੂੰ ਮੁਕਤਸਰ ਨੇੜੇ ਜਿਹੜੇ ਬੱਸ ਮੁਸਾਫਿਰ ਮਾਰੇ ਗਏ ਤੇ ਜ਼ਖਮੀ ਕੀਤੇ ਗਏ, ਉਹ ਸਾਰੇ ਇਕੋ ਫਿਰਕੇ ਦੇ ਨਹੀਂ ਸਨ। ਪਰ ਕਈ ਅਖਬਾਰਾਂ ਨੇ ਉਨ੍ਹਾਂ ਨੂੰ ਇਕ ਫਿਰਕੇ ਦੇ ਦੱਸਿਆ। ਦਿੱਲੀ ਦੇ ਦੰਗੇ ਇਸ ਦੇ ਜਵਾਬ ਵਿਚ ਹੋਏ। ਪੰਜਾਬ ਦੀ ਹਿੰਸਾ ਬੰਦ ਹੋਣੀ ਚਾਹੀਦੀ ਹੈ। ਜੇ ਕੇਂਦਰ ਪੰਜਾਬ ਸਮਝੌਤਾ ਵਧੇਰੇ ਇਮਾਨਦਾਰੀ ਨਾਲ ਲਾਗੂ ਕਰਦਾ, ਤਾਂ ਬਰਨਾਲਾ ਸਰਕਾਰ ਹੁਣ ਨਾਲੋਂ ਵਧੇਰੇ ਤਕੜੇ ਹੱਥਾਂ ਨਾਲ ਹਿੰਸਾਵਾਦੀ ਤੱਤਾਂ ਨੂੰ ਸ਼ਾਂਤ ਕਰ ਸਕਦੀ ਸੀ। ਜੇ ਅਕਾਲੀ ਪਾਰਟੀ ਦੋ-ਫਾੜ ਨਾ ਹੋ ਜਾਂਦੀ ਤਾਂ ਵੀ ਅਕਾਲੀ ਦਲ ਰਾਜਨੀਤਕ ਪੱਧਰ ਉਤੇ ਅਤੇ ਅਕਾਲੀ ਸਰਕਾਰ ਪ੍ਰਸ਼ਾਸਨਕ ਪੱਧਰ ਉਤੇ ਹਿੰਸਾਵਾਦੀ ਤੱਤਾਂ ਨਾਲ ਵਧੇਰੇ ਪ੍ਰਭਾਵਕਾਰੀ ਢੰਗ ਨਾਲ ਨਿਪਟ ਸਕਦੀ ਸੀ। ਕੇਂਦਰੀ ਸਰਕਾਰ ਨੇ ਅਤੇ ਅਕਾਲੀਆਂ ਦੀ ਫੁੱਟ ਨੇ ਪੰਜਾਬ ਦੀਆਂ ਅਤੇ ਸਿੱਖਾਂ ਦੀਆਂ ਮੁਸ਼ਕਲਾਂ ਵਧਾ ਦਿਤੀਆਂ ਹਨ, ਹਿੰਸਾਵਾਦੀ ਤੱਤਾਂ ਨੂੰ ਹੋਰ ਉਭਾਰਨ ਦਾ ਮੌਕਾ ਦਿਤਾ ਹੈ। ਤਾਂ ਵੀ, ਪੰਜਾਬ ਵਿਚ ਸ਼ਾਂਤੀ ਹੋਣੀ ਚਾਹੀਦੀ ਹੈ। ਇਸ ਗੜਬੜ ਵਿਚੋਂ ਪੰਜਾਬ ਦਾ ਅਤੇ ਸਿੱਖਾਂ ਦਾ ਕੋਈ ਭਲਾ ਨਹੀਂ ਹੋਣਾ।

ਪੰਜਾਬ ਤੋਂ ਬਾਹਰਲੇ ਸਿਖ

ਪੰਜਾਬ ਦਾ ਕੋਈ ਸਿਖ ਟੱਬਰ ਨਹੀਂ ਹੋਣਾ, ਜਿਸ ਦੇ ਰਿਸ਼ਤੇਦਾਰ ਅਤੇ ਮਿੱਤਰ ਦੂਜੇ ਸੂਬਿਆਂ ਵਿਚ ਨਹੀਂ ਵਸਦੇ। ਸਾਡੇ ਆਪਣੇ ਰਿਸ਼ਤੇਦਾਰ ਅਤੇ ਮਿੱਤਰ ਦਿੱਲੀ, ਕਾਨ੍ਹਪੁਰ, ਮੁਰਾਦਾਬਾਦ, ਪੱਛਮੀ ਬੰਗਾਲ ਦੇ ਜ਼ਿਲਾ ਜਲਪਾਈ ਗੋੜੀ, ਮੱਧ ਪ੍ਰਦੇਸ਼ ਦੇ ਸ਼ਹਿਰ ਜੱਬਲਪੁਰ, ਮਹਾਂਰਾਸ਼ਟਰ ਦੀ ਰਾਜਧਾਨੀ ਬੰਬਈ ਵਿਚ ਰਹਿੰਦੇ ਹਨ। ਪੰਜਾਬ ਵਿਚ ਹੋ ਰਹੇ ਕਤਲਾਂ ਦੇ ਕਾਰਨ ਅਤੇ ਪੰਜਾਬ ਵਿਚੋਂ ਨਿਕਲ ਕੇ ਗਏ ਹਿੰਦੂ ਪਰਿਵਾਰਾਂ ਦੇ ਕਾਰਨ ਅਤੇ ਹਿੰਦੂਆਂ ਦੀ ਹਿਜਰਤ ਦੇ ਸਬੰਧ ਵਿਚ ਪਰਸਾਰ ਤੇ ਪਰਚਾਰ ਮਾਧਿਅਮਾਂ ਦੇ ਬਹੁਤੇ ਪਰਚਾਰ ਦੇ ਕਾਰਨ ਇਨ੍ਹਾਂ ਸੂਬਿਆਂ ਦੇ ਸ਼ਰਾਰਤੀ ਤੱਤਾਂ ਨੂੰ ਭੜਕਣ ਦਾ ਮੌਕਾ ਮਿਲ ਗਿਆ ਹੈ। ਇਹ ਉਹੀ ਤੱਤ ਹਨ, ਜਿੰਨ੍ਹਾਂ ਨੇ ਨਵੰਬਰ 1984 ਵਿਚ ਸਿੱਖਾਂ ਵਿਰੁੱਧ ਦੰਗੇ ਕੀਤੇ ਸਨ। ਕਿਉਂਕਿ ਉਨ੍ਹਾਂ ਨੂੰ ਕੋਈ ਸਜ਼ਾ ਨਹੀਂ ਮਿਲੀ, ਇਸ ਕਰਕੇ ਉਹ ਨਿਡਰ ਹੋ ਗਏ ਹਨ ਪਹਿਲਾਂ ਉਤਰ ਪ੍ਰਦੇਸ਼ ਵਿਚ ਕੋਈ ਬਜ਼ਰੰਗ ਬਰਗੇਡ ਬਣਨ ਬਾਰੇ ਖਬਰ ਆਈ ਸੀ ਹੁਣ ਜੱਬਲਪੁਰ ਤੋਂ ਸਾਨੂੰ ਖਤ ਆਏ ਹਨ ਜਿਨ੍ਹਾਂ ਵਿਚ ਲਿਖਿਆ ਗਿਆ ਹੈ ਕਿ ਇਥੇ ਦੀਵਾਰਾਂ ਉਤੇ ਇਸ਼ਤਿਹਾਰ ਲਾਏ ਗਏ ਹਨ, 'ਐ ਸਰਦਾਰੋ! ਇਥੋਂ ਨਿਕਲ ਜਾਓ, ਨਹੀਂ ਤਾਂ ਲੁੱਟੇ ਮਾਰੇ ਜਾਓਗੇ!' ਖਤਾਂ ਵਿਚ ਸਾਨੂੰ ਦੋ ਗੱਲਾਂ ਪੁਛੀਆਂ ਗਈਆਂ ਹਨ। ਪਹਿਲੀ ਗੱਲ ਇਹ ਕਿ ਪੰਜਾਬ ਵਿਚ ਹਾਲਾਤ ਕਿਹੋ ਜਿਹੇ ਹਨ? ਦੂਜੀ ਇਹ ਕਿ ਅਸੀਂ ਕੀ ਕਰੀਏ? ਕੀ ਪੰਜਾਬ ਆ ਜਾਈਏ?

ਬਾਕੀ ਪੰਨਾ 5 ਉਤੇ

ਪੰਨਾ 4 ਦੀ ਬਾਕੀ

ਅਸੀਂ ਕਿਉਂਕਿ ਗੁਰੂ ਨਾਨਕ ਦੇਵ ਦੀ ਸਿਖਿਆ ਵਿਚ ਵਿਸ਼ਵਾਸ ਰਖਦੇ ਹਾਂ, ਕਿਉਂਕਿ ਸਾਨੂੰ ਭਰੋਸਾ ਹੈ ਕਿ ਬਹੁਤ ਸਾਰੇ ਕਲੇਸ਼ਾਂ ਦੇ ਬਾਵਜੂਦ ਮਨੁੱਖਤਾ ਲਗਾਤਾਰ ਪਹਿਲੇ ਨਾਲੋਂ ਵੱਧ ਏਕਤਾ ਵੱਲ ਵਧਦੀ ਆਈ ਹੈ, ਇਸ ਕਰਕੇ ਸਾਡਾ ਵਿਸ਼ਵਾਸ ਹੈ ਕਿ ਪੰਜਾਬ ਦੇ ਹਾਲਾਤ ਸੁਧਰਨਗੇ। ਗਿਲੇ, ਗੁਸਿਆਂ ਦੇ ਬਾਵਜੂਦ, ਸਿਖ ਨੌਜਵਾਨ ਹਿੰਸਾ ਦਾ ਰਾਹ ਛੱਡ ਕੇ ਲੋਕ-ਤੰਤਰੀ ਰਾਜਨੀਤਕ ਢੰਗ ਤਰੀਕੇ ਅਪਨਾਉਣਗੇ। ਉਨ੍ਹਾਂ ਨੂੰ ਭਾਰਤ ਸਰਕਾਰ ਵਿਰੁਧ ਅਤੇ ਭਾਰਤ ਦੀ ਮਜ਼੍ਹਬੀ ਬਹੁਗਿਣਤੀ ਵਿਰੁਧ ਬਹੁਤ ਗੁੱਸੇ ਤੇ ਸ਼ਕਾਇਤਾਂ ਹਨ। ਤਾਂ ਵੀ, ਮੰਗਾਂ ਮਨਵਾਉਣ ਤੇ ਹੋਰ ਵੀ ਵਧੇਰੇ ਕਾਰਗਰ ਤਰੀਕੇ ਹਨ। ਹਿੰਸਾ ਦੋ ਧਾਰੀ ਤਲਵਾਰ ਹੈ। ਜੇ ਇਹ ਦੂਜਿਆਂ ਨੂੰ ਮਾਰਦੀ ਹੈ, ਤਾਂ ਇਹ ਆਪਣੇ ਆਪ ਲਈ ਵੀ ਨਸ਼ਟਕਾਰੀ ਹੈ। ਅਸੀਂ ਜੱਬਲਪੁਰ ਵਿਚ ਵਸੇ ਹੋਏ ਟੱਬਰਾਂ ਨੂੰ ਅਤੇ ਪੰਜਾਬ ਤੋਂ ਬਾਹਰ ਹੋਰ ਸਥਾਨਾਂ ਉਤੇ ਵਸੇ ਹੋਏ ਸਿਖ ਪਰਿਵਾਰਾਂ ਇਹ ਹੀ ਸਲਾਹ ਦਿੰਦੇ ਰਹੇ ਹਾਂ ਕਿ ਭਾਵੇਂ ਫਿਰਕੂ ਜਨੂੰਨੀਆਂ ਤੋਂ ਖਤਰਾ ਹੈ, ਤਾਂ ਵੀ ਤੁਹਾਨੂੰ ਥਾਂਹੋਂ ਥਾਂਹੀਂ ਡਟੇ ਰਹਿਣਾ ਚਾਹੀਦਾ ਹੈ, ਤੇ ਸਥਾਨਕ ਸਮਾਜਕ ਤੇ ਰਾਜਨੀਤਕ ਜ਼ਿੰਦਗੀ ਵਿਚ ਪਹਿਲਾਂ ਵਾਂਗ ਹੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹਿਣਾ ਚਾਹੀਦਾ ਹੈ। ਆਏ ਖਤਾਂ ਦੇ ਜਵਾਬ ਵਿਚ ਵੀ ਅਸੀਂ ਆਪਣੇ ਬਹੁਤੇ ਨਿਕਟੀ ਅੰਗਾਂ ਸਾਕਾਂ ਨੂੰ ਵੀ ਇਹੋ ਸਲਾਹ ਦਿਤੀ ਹੈ।

ਲੀਡਰਸ਼ਿਪ ਦੀ ਘਾਟ

ਪੰਜਾਬੋਂ ਬਾਹਰਲੇ ਸਿੱਖਾਂ ਦੀਆਂ ਮੁਸ਼ਕਲਾਂ ਦੇ ਦੋ ਕਾਰਨ ਹਨ। ਪਹਿਲਾ ਪੰਜਾਬ ਦੀਆਂ ਘਟਨਾਵਾਂ ਦੂਜਾ ਉਨ੍ਹਾਂ ਦੀ ਆਪਣੀ ਕੋਈ ਤਕੜੀ ਲੀਡਰਸ਼ਿਪ ਨਾ ਹੋਣੀ। ਜਿੰਨੀ ਆਬਾਦੀ ਪੰਜਾਬ ਵਿਚ ਸਿੱਖਾਂ ਦੀ ਹੈ, ਉਸ ਤੋਂ ਲਗਪਗ ਅੱਧੀ ਆਬਾਦੀ ਪੰਜਾਬ ਤੋਂ ਬਾਹਰ ਬੈਠੀ ਹੈ। ਪਰ ਉਨ੍ਹਾਂ ਦਾ ਆਪਣਾ ਕੋਈ ਵੱਡਾ ਲੀਡਰ ਨਹੀਂ। ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਆਪਣੇ ਵਿਚੋਂ ਆਪਣੀ ਲੀਡਰਸ਼ਿਪ ਉਭਾਰਨੀ ਚਾਹੀਦੀ ਹੈ, ਮਾ: ਤਾਰਾ ਸਿੰਘ ਦੇ ਜ਼ਮਾਨੇ ਵਿਚ ਸ਼ਰੋਮਣੀ ਅਕਾਲੀ ਦਲ ਦੇ ਯੂ. ਪੀ. ਤੇ ਬੰਗਾਲ ਵਿਚ ਤਕੜੇ ਯੂਨਿਟ ਹੁੰਦੇ ਸਨ। ਯੂ. ਪੀ. ਵਿਚ 'ਪ੍ਰਤੀਨਿਧ ਸਿੱਖ ਬੋਰਡ' ਵੀ ਕਾਫੀ ਅਸਰ-ਰਸੂਖ ਰਖਦਾ ਸੀ। ਦਿੱਲੀ ਵਿਚ ਜਥੇਦਾਰ ਸੰਤੋਖ ਸਿੰਘ ਭਾਵੇਂ ਸ੍ਰੀਮਤੀ ਇੰਦਰਾ ਗਾਂਧੀ ਦੇ ਬਹੁਤ ਨੇੜੇ ਚਲਾ ਗਿਆ ਸੀ, ਤਾਂ ਵੀ ਜਦੋਂ ਤੱਕ ਉਹ ਜਿਉਂਦਾ ਰਿਹਾ, ਉਹ ਦਿੱਲੀ ਦੇ ਸਿੱਖਾਂ ਦਾ ਤਕੜਾ ਬੁਲਾਰਾ ਸੀ। ਇਸ ਵੇਲੇ ਬਾਹਰ ਕੋਈ ਕੱਦਾਵਾਰ ਲੀਡਰ ਨਹੀਂ।

ਜਨਰਲ ਜਗਜੀਤ ਸਿੰਘ ਅਰੋੜਾ ਅਕਾਲੀ ਦਲ ਦੇ ਟਿਕਟ ਉਤੇ ਰਾਜ ਸਭਾ ਦੇ ਮੈਂਬਰ ਚੁਣੇ ਗਏ ਹਨ। ਜਨਰਲ ਸਾਹਿਬ ਹਿੰਮਤ ਕਰਨ, ਤਾਂ ਦੂਜੇ ਸੂਬਿਆਂ ਦੇ ਸਿੱਖਾਂ ਨੂੰ ਇਕ ਰਾਜਨੀਤਕ ਪਲੇਟਫਾਰਮ ਉਤੇ ਇਕੱਠੇ ਕਰਨ। ਉਹ ਦਿੱਲੀ, ਉਤਰ-ਪ੍ਰਦੇਸ਼, ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਪੱਛਮੀ ਬੰਗਾਲ ਵਿਚ ਸ਼ਰੋਮਣੀ ਅਕਾਲੀ ਦਲ ਦੇ ਯੂਨਿਟ ਬਣਾ ਸਕਦੇ ਹਨ। ਉਨ੍ਹਾਂ ਨੇ ਆਪਣਾ ਸਿੱਖ ਫੋਰਮ ਵੀ ਬਣਾਇਆ ਹੋਇਆ ਹੈ। ਇਸ ਫੋਰਮ ਨੂੰ ਵੀ ਵਧੇਰੇ ਸਰਗਰਮ ਕਰਕੇ ਇਸਦੀਆਂ ਇਕਾਈਆਂ ਦੂਜੇ ਸੂਬਿਆਂ ਵਿਚ ਕਾਇਮ ਕਰ ਸਕਦੇ ਹਨ। ਫੌਰੀ ਲੋੜ ਹੈ ਕਿ ਅੱਜ ਦੇ ਹਾਲਾਤ ਵਿਚ ਦੂਜੇ ਸੂਬਿਆਂ ਦੇ ਸਿੱਖਾਂ ਨੂੰ ਦਰਪੇਸ਼ ਖਤਰਿਆਂ ਬਾਰੇ ਆਵਾਜ਼ ਉਚੀ ਕੀਤੀ ਜਾਏ ਤੇ ਸ਼ਰਾਰਤੀ ਤੱਤਾਂ ਦਾ ਪਰਦਾ ਫਾਸ਼ ਕੀਤਾ ਜਾਏ। ਜੇ ਜਨਰਲ ਸਾਹਿਬ ਅਜ ਦੇ ਸੰਕਟ ਦੀ ਘੜੀ ਵਿਚ ਬਾਹਰ ਦੇ ਸਿੱਖਾਂ ਨੂੰ ਯੋਗ ਅਗਵਾਈ ਦੇਣਗੇ ਤੇ ਨਾਲ ਨਾਲ ਉਨ੍ਹਾਂ ਦੀ ਸੁਰੱਖਿਆ ਲਈ ਆਵਾਜ਼ ਉਚੀ ਚੁਕਣਗੇ ਤਾਂ ਇਸ ਨਾਲ ਜਿਥੇ ਜਨਰਲ ਸਾਹਿਬ ਦਾ ਰਾਜਨੀਤਕ ਕੱਦ ਉਚਾ ਹੋਵੇਗਾ, ਉਥੇ ਬਾਹਰਲੇ ਸਿੱਖਾਂ ਦੀ ਹੋਰ ਬੇਰੁਹਬੀ ਹੋਣ ਤੋਂ ਰੋਕ ਕੇ ਭਾਰਤ ਵਿਚ ਵਧ ਰਹੀ ਫਿਰਕਾਪ੍ਰਸਤੀ ਦੀ ਬਿਮਾਰੀ ਨੂੰ ਠਲ੍ਹ ਪਾਉਣ ਵਿਚ ਸਹਾਈ ਹੋਣਗੇ।

ਇਕ ਬੁਨਿਆਦੀ ਗੱਲ ਸਮਝ ਲੈਣੀ ਚਾਹੀਦੀ ਹੈ। ਪੰਜਾਬ ਤੋਂ ਬਾਹਰਲੇ ਸਿੱਖਾਂ ਦੇ ਆਰਥਕ ਤੇ ਰਾਜਨੀਤਕ ਹਿਤ ਪੰਜਾਬ ਦੇ ਸਿਖਾਂ ਦੇ ਹਿਤਾਂ ਨਾਲੋਂ ਵੱਖਰੇ ਹਨ। ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਆਪਣੇ ਵੱਖਰੇ ਹਿਤਾਂ ਦੀ ਰਾਖੀ ਕਰਨ ਦਾ ਹੱਕ ਹੈ। ਕੁਝ ਗੱਲਾਂ ਵਿਚ ਸਾਰੇ ਪੰਥ ਦੇ ਹਿਤ ਸਾਂਝੇ ਹਨ, ਪਰ ਹਰ ਗੱਲ ਵਿਚ ਨਹੀਂ ਇਸ ਲਈ ਬਾਹਰਲੇ ਸਿੱਖਾਂ ਦੀ ਸੁਰੱਖਿਆ ਇਹ ਮੰਗ ਕਰਦੀ ਹੈ ਕਿ ਉਹ ਆਪਣੇ ਰਾਜਨੀਤਕ ਬੁਲਾਰੇ ਆਪ ਪੈਦਾ ਕਰਨ। ਉਨ੍ਹਾਂ ਦੇ ਨਾ ਕੇਵਲ ਆਪਣੇ ਲੀਡਰ ਹੋਣ, ਸਗੋਂ ਉਨ੍ਹਾਂ ਦੇ ਆਪਣੇ ਅਖਬਾਰ ਵੀ ਹੋਣੇ ਚਾਹੀਦੇ ਹਨ। ਇਹ ਦੈਨਿਕ ਤਾਂ ਹੋ ਨਹੀਂ ਸਕਦੇ। ਸਪਤਾਹਕ ਪੱਤਰ ਜ਼ਰੂਰ ਕੱਢੇ ਜਾ ਸਕਦੇ ਹਨ।

ਦੁਖਾਂਤ ਇਹ ਹੈ ਕਿ ਪੰਜਾਬ ਤੋਂ ਬਾਹਰਲੇ ਸਿੱਖਾਂ ਤੇ ਬਾਹਰ ਦੇ ਪੰਜਾਬੀ ਹਿੰਦੂਆਂ ਵਿਚਕਾਰ ਏਕਤਾ ਨਹੀਂ। ਪੰਜਾਬ ਦੇ ਹਿੰਦੂਆਂ ਸਿੱਖਾਂ ਦੀ ਆਪਸੀ ਫੁੱਟ ਨੇ ਸਾਰੇ ਦੇਸ਼ ਵਿਚ ਫੈਲੇ ਹੋਏ ਪੰਜਾਬੀ ਭਾਈਚਾਰੇ ਨੂੰ ਵੰਡ ਦਿਤਾ ਹੋਇਆ ਹੈ। ਦੂਜੇ ਸੂਬਿਆਂ ਵਿਚ ਬੈਠੇ ਬੰਗਾਲੀ, ਮਰਾਠੀ, ਕੰਨੜ, ਤਾਮਿਲ ਲੋਕ, ਧਰਮਾਂ ਦੇ ਭਿੰਨ ਭੇਦ ਦੇ ਬਾਵਜੂਦ, ਸਭਿਆਚਾਰਕ ਤੌਰ ਤੇ ਇਕੱਠੇ ਹੋ ਕੇ ਰਹਿੰਦੇ ਹਨ।

ਪਰ ਪੰਜਾਬੀਆਂ ਵਿਚ ਏਕਤਾ ਨਹੀਂ। ਜੇ ਏਕਤਾ ਹੋਵੇ ਤਾਂ ਇਹ ਆਪਣੇ ਅਖਬਾਰ ਵੀ ਚਲਾ ਸਕਦੇ ਹਨ, ਤੇ ਆਪਣੀ ਸੁਰੱਖਿਆ ਵੀ ਬਿਹਤਰ ਕਰ ਸਕਦੇ ਹਨ। ਪਰ ਹੁਣ ਤਾਂ ਕਈ ਸੂਬਿਆਂ ਵਿਚ ਸਿੱਖਾਂ ਵਿਰੁਧ ਭੰਡੀ-ਪ੍ਰਚਾਰ ਕਰਨ ਵਿਚ ਕਈ ਪੰਜਾਬੀ ਹਿੰਦੂ ਹਿੰਸਾ ਲੈਂਦੇ ਹਨ। ਹਰਿਆਣੇ ਵਿਚ ਇਹ ਗੱਲ ਖਾਸ ਤੌਰ ਤੇ ਹੋ ਰਹੀ ਹੈ।

ਪੰਜਾਬ ਦੇ ਸਿਖ ਨੇਤਾ ਖਾਮੋਸ਼ ਕਿਉਂ

ਸ: ਪ੍ਰਕਾਸ਼ ਸਿੰਘ ਬਾਦਲ ਅਤੇ ਸ: ਗੁਰਚਰਨ ਸਿੰਘ ਟੌਹੜਾ ਪਿਛਲੇ ਦਿਨੀਂ ਕੇਂਦਰ ਵਿਰੁਧ ਖੂਬ ਬੋਲਦੇ ਰਹੇ ਹਨ। ਕੇਂਦਰ ਕਸੂਰਵਾਰ ਹੈ, ਬੋਲਣਾ ਵੀ ਚਾਹੀਦਾ ਹੈ ਪਰ ਇਹ ਦੋਵੇਂ ਭੱਦਰ ਪੁਰਸ਼ ਪੰਜਾਬੋਂ ਬਾਹਰਲੇ ਸਿੱਖਾਂ ਦੀ ਜਾ ਕੇ ਬਾਂਹ ਕਿਉਂ ਨਹੀਂ ਫੜਦੇ? ਬਾਦਲ ਸਾਹਿਬ ਦੀਆਂ ਤਾਂ ਉਤਰ ਪ੍ਰਦੇਸ਼ ਵਿਚ ਜ਼ਮੀਨਾਂ ਵੀ ਹਨ। ਸ: ਅਮਰਿੰਦਰ ਸਿੰਘ ਦੇ ਉਤਰ ਪ੍ਰਦੇਸ਼ ਵਿਚ ਉਦਯੋਗ ਹਨ। ਸ: ਰਵੀਇੰਦਰ ਸਿੰਘ ਦੀ ਸਟੀਲ ਦੀ ਮਿਲ ਟਾਟਾਨਗਰ (ਬਿਹਾਰ) ਵਿਚ ਹੈ। ਇਨ੍ਹਾਂ ਦਾ ਫਰਜ਼ ਬਣਦਾ ਹੈ ਕਿ ਅਜ ਦੇ ਸਿੱਖਾਂ ਦੇ ਸੰਕਟ ਦੇ ਹੱਲ ਲਈ ਇਹ ਸਿਰਫ ਪੰਜਾਬ ਦੇ ਸਿੱਖਾਂ ਦੀ ਅੱਖ ਨਾਲ ਨਾ ਦੇਖਣ, ਸਾਰੇ ਭਾਰਤ ਦੇ ਸਿੱਖਾਂ ਦੀ ਅੱਖ ਨਾਲ ਦੇਖਣ। ਜੇ ਇਹ ਨੇਤਾ ਅੱਜ ਉਤਰ ਪ੍ਰਦੇਸ਼, ਮੱਧ ਪ੍ਰਦੇਸ਼, ਬੰਬਈ ਤੇ ਪੱਛਮੀ ਬੰਗਾਲ ਦੇ ਸਿੱਖਾਂ ਨੂੰ ਜਾ ਕੇ ਮਿਲਣ, ਉਨ੍ਹਾਂ ਦੀਆਂ ਇਕੱਤਰਤਾਵਾਂ ਨੂੰ ਸੰਬੋਧਨ ਕਰਨ, ਤਾਂ ਅੱਜ ਜੋ ਇਹ ਪੰਜਾਬ ਵਿਚ ਬੋਲਦੇ ਹਨ, ਇਹ ਬੋਲਣਾ ਬੰਦ ਕਰ ਦੇਣ। ਇਨ੍ਹਾਂ ਦੀਆਂ ਅੱਖਾਂ ਖੁਲ੍ਹ ਜਾਣ। ਬਾਹਰਲੇ ਸਿੱਖਾਂ ਦੀਆਂ ਮੁਸ਼ਕਿਲਾਂ ਲਈ ਇਨ੍ਹਾਂ ਲੀਡਰਾਂ ਅਤੇ ਪੰਜਾਬ ਦੇ ਹੋਰ ਸਿਖ ਲੀਡਰਾਂ ਦੀਆਂ ਗਲਤ ਨੀਤੀਆਂ ਬਹੁਤ ਹੱਦ ਤੱਕ ਜ਼ਿੰਮੇਂਵਾਰ ਹਨ। ਕਿਉਂਕਿ ਗੱਦੀਆਂ ਸਿਰਫ ਪੰਜਾਬ ਦੀ ਸਿਆਸਤ ਵਿਚੋਂ ਮਿਲਦੀਆਂ ਹਨ, ਇਸ ਕਰਕੇ ਇਨ੍ਹਾਂ ਨੇ ਪਿਛਲੇ ਪੰਦਰਾਂ ਸਾਲ ਵਿਚ ਸਿੱਖ ਸਿਆਸਤ ਬਹੁਤੀ ਹੀ ਪੰਜਾਬ-ਮੁਖੀ ਬਣਾ ਦਿਤੀ ਹੈ, ਤੇ ਬਾਹਰਲੇ ਸਿੱਖਾਂ ਨੂੰ ਬਹੁਤ ਅਣਗੌਲਿਆਂ ਕਰ ਛੱਡਿਆ ਹੈ।

ਕੇਂਦਰ ਸਰਕਾਰ ਦਾ ਫਰਜ਼

ਕੇਂਦਰ ਪੰਜਾਬ ਦੇ ਅਤਿਵਾਦੀਆਂ ਵਿਰੁਧ ਬਹੁਤ ਦੁਹਾਈ ਪਾ ਰਿਹਾ ਹੈ। ਜੇ ਕੇਂਦਰ ਦਾ ਵਤੀਰਾ ਪੱਖ-ਪਾਤੀ ਨਾ ਰਿਹਾ ਹੁੰਦਾ ਤੇ ਪੰਜਾਬ ਦੀ ਸਮੱਸਿਆ ਹੱਲ ਕਰਨ ਲਈ ਮਿਲਿਆ ਪਿਛਲਾ ਕੀਮਤੀ ਸਾਲ ਜਾਇਆ ਨਾ ਕਰ ਦਿੰਦਾ, ਤੇ ਪੰਜਾਬ ਦੇ ਹਿੰਸਾਵਾਦੀ ਤੱਤਾਂ ਨੂੰ ਸਖਤੀ ਨਾਲ ਦਬਾਉਣ ਸਮੇਂ ਰਾਜਨੀਤਕ ਤੇ ਇਖਲਾਕੀ ਸ਼ਕਤੀ ਨਾ ਮਿਲਦੀ ਜਿਹੜੀ ਹੁਣ ਉਨ੍ਹਾਂ ਨੂੰ ਮਿਲ ਜਾਂਦੀ ਹੈ।

ਸ੍ਰੀ ਦਰਬਾਰ ਸਾਹਿਬ ਸਮੂਹ 'ਚ ਝੜਪ — 6 ਬੰਦੇ ਫੱਟੜ

ਅੰਮ੍ਰਿਤਸਰ — ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਦੋ ਧਿਰਾਂ ਵਿਚ ਝੜਪ ਹੋ ਜਾਣ ਦੇ ਸਿੱਟੇ ਵਜੋਂ ਛੇ ਵਿਅਕਤੀ ਫੱਟੜ ਹੋ ਜਾਣ ਕਾਰਨ ਬਹੁਤ ਖਿਚਾਅ ਪੈਦਾ ਹੋ ਗਿਆ। ਫੱਟੜਾਂ ਵਿਚ ਇਕ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ ਪੁਲਸ ਅਨੁਸਾਰ ਦੋਵਾਂ ਧਿਰਾਂ ਵਲੋਂ ਤਲਵਾਰਾਂ ਅਤੇ ਲਾਠੀਆਂ ਦੀ ਖੁੱਲੀ ਵਰਤੋਂ ਕੀਤੀ ਗਈ। ਇਸ ਝੜਪ ਬਾਰੇ ਵੱਖ ਵੱਖ ਦਾਅਵੇ ਕੀਤੇ ਗਏ ਹਨ। ਸੰਯੁਕਤ ਅਕਾਲੀ ਦਲ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ (ਮਨਜੀਤ ਸਿੰਘ) ਦਾ ਕਹਿਣਾ ਹੈ ਕਿ ਲੜਾਈ ਫੈਡਰੇਸ਼ਨ ਅਤੇ ਸ਼ਰੋਮਣੀ ਗੁ: ਪ੍ਰ: ਕਮੇਟੀ ਦੀਆਂ ਟਾਸਕ ਫੋਰਸਾਂ ਦੇ ਵਿਚਕਾਰ ਹੋਈ। ਦੂਜੇ ਪਾਸੇ ਸ਼ਰੋਮਣੀ ਕਮੇਟੀ ਦੀ ਟਾਸਕ ਫੋਰਸ ਵਲੋਂ ਪੁਲਸ ਨੂੰ ਦੱਸਿਆ ਗਿਆ ਕਿ ਫੈਡਰੇਸ਼ਨ ਦੇ ਮਨਜੀਤ ਸਿੰਘ ਅਤੇ ਕਾਹਲੋਂ ਧੜਿਆਂ ਵਿਚਕਾਰ ਝੜਪ ਹੋਣ ਤੇ ਉਸ ਨੂੰ ਦਖਲ ਦੇਣਾ ਪਿਆ। ਦੱਸਿਆ ਗਿਆ ਹੈ ਕਿ ਬਾਬਾ ਜੋਗਿੰਦਰ ਸਿੰਘ ਦੇ ਨਿੱਜੀ ਸਹਾਇਕ ਹਰਭਜਨ ਸਿੰਘ ਨੂੰ ਬਾਬਾ ਜੀ ਦੇ ਰਿਹਾਇਸ਼ੀ ਕਮਰੇ ਅੰਦਰ ਵੜਦੇ ਟਾਸਕ ਫੋਰਸ ਅਤੇ ਸੀ ਆਰ ਪੀ ਐਫ ਦੇ ਬੰਦਿਆਂ ਨੇ ਕੁੱਟਿਆ ਅਤੇ ਕਿਰਪਾਨਾਂ ਨਾਲ ਫੱਟੜ ਕਰ ਦਿਤਾ ਉਸ ਨੂੰ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ। ਪੰਜ ਹੋਰ ਘੱਟ ਫੱਟੜ ਹੋਣ ਵਾਲਿਆਂ ਵਿਚ ਸ਼ਰੋਮਣੀ ਕਮੇਟੀ ਦੀ ਟਾਸਕ ਫੋਰਸ ਦਾ ਮੈਂਬਰ ਕੁਲਦੀਪ ਸਿੰਘ ਵੀ ਸ਼ਾਮਲ ਹੈ। ਇਨ੍ਹਾਂ ਨੂੰ ਮੁਢਲੀ ਸਹਾਇਤਾ ਪਿਛੋਂ ਹਸਪਤਾਲੋਂ ਛੁੱਟੀ ਦੇ ਦਿੱਤੀ ਗਈ।

ਸ. ਕਾਹਲੋਂ ਦਾ ਬਿਆਨ

ਇਸ ਦੌਰਾਨ ਐਸ. ਪੀ. (ਸਿਟੀ) ਸ. ਐਚ. ਐਸ. ਕਾਹਲੋਂ ਨੇ ਦੱਸਿਆ ਕਿ ਟਾਸਕ ਫੋਰਸ ਵਲੋਂ ਹਰਭਜਨ ਸਿੰਘ ਅਤੇ ਚਾਰ ਹੋਰਨਾਂ ਨੂੰ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਬਾਹਰ ਤਾਇਨਾਤ ਸੀ. ਆਰ. ਪੀ. ਐਫ. ਦੇ ਹਵਾਲੇ ਕਰ ਦਿਤਾ ਗਿਆ। ਹੁਣ ਇਨ੍ਹਾਂ ਪੰਜਾਂ ਨੂੰ ਪੁਲਸ ਹਰਾਸਤ ਵਿਚ ਰੱਖਿਆ ਜਾ ਰਿਹਾ ਹੈ ਅਤੇ ਮੁਢਲੀ ਪੜਤਾਲ ਪਿਛੋਂ ਕੇਸ ਰਜਿਸਟਰ ਕੀਤਾ ਜਾਏਗਾ। ਜਦ ਸ਼ਰੋਮਣੀ ਕਮੇਟੀ ਦੇ ਅਧਿਕਾਰੀਆਂ ਸ: ਭਾਨ ਸਿੰਘ ਅਤੇ ਸ: ਅਬਿਨਾਸ਼ੀ ਸਿੰਘ ਨੂੰ ਇਸ ਟਕਰਾਓ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਕਿ ਉਹ ਜਾਂਚ ਕਰ ਰਹੇ ਹਨ।

ਫੈਡਰੇਸ਼ਨ (ਮਨਜੀਤ ਸਿੰਘ) ਦੇ ਸਕੱਤਰ ਸ: ਸਤਿੰਦਰ ਸਿੰਘ ਭੋਲਾ ਨੇ ਇਸ ਝੜਪ ਲਈ ਟਾਸਕ ਫੋਰਸ ਨੂੰ ਜ਼ਿੰਮੇਂਵਾਰ ਠਹਿਰਾਇਆ ਹੈ ਕਿਉਂਕਿ ਉਹ ਫੈਡਰੇਸ਼ਨ ਦਾ ਇਕ ਮੈਂਬਰ ਪੁਲਸ ਦੇ ਹਵਾਲੇ ਕਰਨਾ ਚਾਹੁੰਦੀ ਸੀ। ਉਸ ਨੇ ਕਿਹਾ ਕਿ ਸ਼ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਮੈਂਬਰ ਫੈਡਰੇਸ਼ਨ ਦੀ ਟਾਸਕ ਫੋਰਸ ਨੂੰ ਪਰੇਸ਼ਾਨ ਕਰ ਰਹੇ ਸਨ ਜਿਸ ਕਾਰਨ ਕਈ ਦਿਨਾਂ ਤੋਂ ਦੋਵਾਂ ਫੋਰਸਾਂ ਵਿਚ ਖਿਚਾਅ ਚੱਲ ਰਿਹਾ ਸੀ। ਉਨ੍ਹਾਂ ਕਿਹਾ ਕਿ ਸ਼ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਝੜਪਾਂ ਪਿਛੋਂ ਸੀ. ਆਰ. ਪੀ. ਐਫ. ਅਤੇ ਪੁਲਸ ਦੀ ਮੱਦਦ ਲਈ ਅਤੇ ਫੈਡਰੇਸ਼ਨ ਅਤੇ ਸੰਯੁਕਤ ਅਕਾਲੀ ਦਲ ਦੇ ਕਬਜ਼ੇ ਵਾਲੇ ਕਮਰਿਆਂ ਦੀ ਤਲਾਸ਼ੀ ਲਈ। ਪਰ ਪੁਲਸ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਹੈ। ਸੰਯੁਕਤ ਅਕਾਲੀ ਦਲ ਦੇ ਸਕੱਤਰ ਸ: ਮਨਮੋਹਨ ਸਿੰਘ ਨੇ ਦੋਸ਼ ਲਾਇਆ ਕਿ ਟਾਸਕ ਫੋਰਸ ਪੁਲਸ ਅਤੇ ਸੀ ਆਰ ਪੀ ਐਫ ਨੇ ਬਾਬਾ ਜੋਗਿੰਦਰ ਸਿੰਘ ਦੇ ਨਿੱਜੀ ਸਹਾਇਤ ਨੂੰ ਕੁੱਟਿਆ। ਫੋਰਸ ਬਾਬਾ ਜੀ ਦੇ ਕਮਰੇ ਵਿਚੋਂ ਇਕ ਟਾਈਪ ਰਾਈਟਰ, ਇਕ ਸਾਈਕਲੋ-ਸਟਾਇਲਿੰਗ ਮਸ਼ੀਨ, ਟੈਲੀਫੋਨ ਯੰਤਰ ਅਤੇ ਇਕ ਅਟੈਚੀ ਲੈ ਗਈ ਜਿਸ ਵਿਚ ਬਾਬਾ ਜੀ ਦੇ ਕੱਪੜੇ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਗਵਰਨਰ, ਮੁਖ ਮੰਤਰੀ, ਗ੍ਰਹਿ ਮੰਤਰੀ, ਗ੍ਰਹਿ ਸਕੱਤਰ ਪੰਜਾਬ, ਡੀ. ਜੀ. ਪੁਲਸ, ਜ਼ਿਲੇ ਦੇ ਡਿਪਟੀ ਕਮਿਸ਼ਨਰ ਅਤੇ ਐਸ. ਐਸ. ਪੀ. ਨੂੰ ਤਾਰਾਂ ਦੇ ਕੇ ਸ਼ਰੋਮਣੀ ਕਮੇਟੀ ਦੀ ਟਾਸਕ ਫੋਰਸ ਵਿਰੁੱਧ ਕੇਸ ਦਰਜ ਕਰਨ ਅਤੇ ਜੁਡੀਸ਼ਲ ਜਾਂਚ ਕਰਾਏ ਜਾਣ ਦੀ ਮੰਗ ਕੀਤੀ ਹੈ। ਯੂ. ਐਨ. ਆਈ. ਅਨੁਸਾਰ ਕੰਪਲੈਕਸ ਅੰਦਰ ਪਰਕਰਮਾ ਵਿਚ ਦੋ ਘੰਟੇ ਜੰਮਕੇ ਲੜਾਈ ਹੋਈ ਜਿਹੜੀ ਰਾਤ 10.30 ਵਜੇ ਸ਼ੁਰੂ ਹੋਈ। ਦੋਵਾਂ ਧਿਰਾਂ ਵਲੋਂ ਇਕ ਦੂਜੇ ਤੇ ਪਥਰਾਓ ਵੀ ਕੀਤਾ ਗਿਆ। ਪੀ ਟੀ ਆਈ ਦੀ ਸੂਚਨਾ ਅਨੁਸਾਰ ਫੈਡਰੇਸ਼ਨ ਦੇ ਆਗੂ ਸ: ਧਰਮਵੀਰ ਸਿੰਘ ਨੇ ਦੋਸ਼ ਲਾਇਆ ਕਿ ਪੁਲਸ ਅਤੇ ਸੀ ਆਰ ਪੀ ਐਫ ਕੰਪਲੈਕਸ ਵਿਚ ਦਾਖਲ ਹੋਈ। ਉਸ ਨੇ ਦੋਸ਼ ਲਾਇਆ ਕਿ ਬਾਬਾ ਜੋਗਿੰਦਰ ਸਿੰਘ ਦੇ ਕਮਰੇ ਵਿਚੋਂ ਹੋਰ ਵਸਤਾਂ ਤੋਂ ਇਲਾਵਾ ਦੇਸੀ ਘਿਓ ਦੀ ਇਕ ਟੀਨ, ਭਾਂਡੇ ਅਤੇ 40000 ਰੁਪੈ ਦੀ ਨਕਦੀ ਗੁੰਮ ਹੈ। ਉਸ ਨੇ ਕਿਹਾ ਕਿ ਇਹ ਬਰਨਾਲਾ ਸਰਕਾਰ ਦਾ ਫੈਡਰੇਸ਼ਨ ਦੇ ਵਰਕਰਾਂ ਉਤੇ ਇਕ ਹੋਰ ਹਮਲਾ ਹੈ ਜਿਸ ਦਾ ਢੁਕਵਾਂ ਉਤਰ ਦਿਤਾ ਜਾਵੇਗਾ।

ਬਿੱਲ ਵੈਂਡਰਜ਼ਾਮ ਬੀ. ਸੀ. ਦਾ ਨਵਾਂ ਪ੍ਰੀਮੀਅਰ

ਗਰੀਬ ਮਜ਼ਦੂਰ ਤੇ ਘੱਟ ਗਿਣਤੀ ਲੋਕੋ ਸਾਵਧਾਨ ਹੋ ਜਾਓ!

ਵਲੋਂ : ਚਰਨਪਾਲ ਗਿੱਲ

ਅੱਠ ਘੰਟੇ ਦੀ ਜੱਦੋ ਜਹਿਦ ਪਿਛੋਂ ਅਖੀਰ ਵਿਚ ਬਿਲ ਵੈਂਡਰਜ਼ਾਮ 1300 ਵਿਚੋਂ 801 ਵੋਟਾਂ ਲੈ ਕੇ ਜਿਤਿਆ। ਇਸਨੂੰ ਪਿਛੋਂ ਤੋਂ ਮਦਦ ਕਰਨ ਵਾਲੇ ਡਾਢੇ ਅਮੀਰ ਲੋਕ ਸਨ। ਐਡਵਰਡ ਨਾਈਜ਼ਰ ਜੋ ਕਿ ਬੀ. ਸੀ. ਵਿਚ ਸਭ ਤੋਂ ਅਮੀਰ ਹੈ ਨੇ ਸੰਨ ਅਖਬਾਰ ਦੇ ਅਨੁਸਾਰ ਕਿਹਾ ਕਿ ਉਹ ਉਨ੍ਹਾਂ ਉਮੀਦਵਾਰਾਂ ਦਾ ਖਰਚਾ ਚੁਕੇਗਾ ਜੋ ਆਪਦੇ ਡੈਲੀਗੇਟ ਲੈ ਕੇ ਬਿਲ ਵੈਂਡਰਜ਼ਾਮ ਦੀ ਮਦਦ ਕਰਨ ਆ ਜਾਣ। ਖਰਚਾ ਭੀ ਲੱਖਾਂ ਵਿਚ ਹੋਇਆ ਹੈ। ਅਮੀਰਾਂ ਦੀ ਪਾਰਟੀ ਹੈ, ਇਨ੍ਹਾਂ ਨੂੰ ਖਰਚੇ ਦੀ ਕੀ ਪਰਵਾਹ। ਇਸ ਪਾਰਟੀ ਵਿਚ ਪੁਰਾਣੇ ਅਮੀਰ ਨਵੇਂ ਬਣੇ ਅਮੀਰ ਤੇ ਉਹ ਲੋਕ ਜਿਨ੍ਹਾਂ ਨੂੰ ਅਭੀਲਾਸ਼ਾ ਹੈ ਕਿ ਉਹ ਕਿਸੇ ਦਿਨ ਜ਼ਰੂਰ ਲੱਖਪਤੀ ਹੋ ਜਾਣਗੇ, ਮੈਂਬਰ ਬਣੇ ਹੋਏ ਹਨ।

ਬਿਲ ਵੈਂਡਰਜ਼ਾਮ ਦੀ ਸਿਆਸੀ ਚਲਨ ਸਰੀ ਤੋਂ ਸ਼ੁਰੂ ਹੁੰਦੀ ਹੈ। ਜਦੋਂ ਸਰੀ ਵਿਚ ਈਸਟ ਇੰਡੀਅਨਾਂ ਤੇ ਇੱਟਾ ਪੈਂਦੀਆਂ ਸਨ ਤਾਂ ਸਾਰਿਆਂ ਨੂੰ ਭਲੀ ਭਾਂਤ ਪਤਾ ਹੈ ਕਿ ਵੈਂਡਰਜ਼ਾਮ ਨੇ ਸਰੀ ਦਾ ਮੇਅਰ ਹੁੰਦਿਆਂ ਹੋਇਆਂ ਸਾਡੀ ਕਮਿਊਨਿਟੀ ਦੀ ਕੋਈ ਮਦਦ ਨਹੀਂ ਕੀਤੀ। ਸਾਡੇ ਬੰਦਿਆਂ ਨੂੰ ਸਿਟੀ ਵਾਲੇ ਬਹੁਤ ਤੰਗ ਕਰਦੇ ਹੁੰਦੇ ਸਨ ਪਰ ਇਸਨੇ ਮੇਅਰ ਹੁੰਦਿਆਂ ਸਾਡੀਆਂ ਸ਼ਕਾਇਤਾਂ ਸਭ ਰੱਦ ਕਰ ਦਿੱਤੀਆਂ। ਲੋਕਾਂ ਦੇ ਉਹ ਸਾਲ ਮੁਸ਼ਕਲਾਂ ਵਿਚੋਂ ਲੰਘੇ। ਅਸੀਂ ਬੜਾ ਸ਼ੁਕਰ ਮਨਾਇਆ ਜਦੋਂ ਇਸਨੇ ਸਰੀ ਛੱਡੀ।

ਜਦ ਵੈਂਡਰਜ਼ਾਮ ਸਰੀ ਤੋਂ MLA ਚੁਣਿਆ ਗਿਆ ਤੇ ਸੋਕਰਡ ਸ਼ਰਕਾਰ ਨੇ ਇਸਨੂੰ ਵਜ਼ਾਰਤ ਦਿਤੀ। ਜਿਸ ਵਜ਼ਾਰਤ ਵਿਚ ਇਹ ਦਾਖਲ ਹੋਇਆ ਓਥੇ ਹੀ ਇਸਨੇ ਤਕਰਾਰ ਸ਼ੁਰੂ ਕਰ ਦਿੱਤਾ। ਜਦ ਇਹ ਐਜੂਕੇਸ਼ਨ ਮਨਿਸਟਰੀ ਵਿਚ ਆਇਆ ਤਾਂ ਇਸਨੇ ਟੀਚਰਾਂ ਨਾਲ ਪੇਚਾ ਪਾ ਲਿਆ। ਜਦ ਇਸਨੇ ਐਜੂਕੇਸ਼ਨ ਬਜਟ ਵਿਚ ਕਟੌਤੀ ਕੀਤੀ ਤਾਂ ਸਭ ਤੋਂ ਪਹਿਲੋਂ ESL ਪਰੋਗਰਾਮ ਵਿਚ ਕਟੌਤੀ ਹੋਈ। ਇਸ ਪਰੋਗਰਾਮ ਤਹਿਤ ਇੰਮੀਗਰੈਂਟਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਸਪੈਸ਼ਲ ਮਦਦ ਮਿਲਦੀ ਸੀ ਤਾਂ ਉਹ ਅੰਗਰੇਜ਼ੀ ਸਿਖ ਕੇ ਆਪਦੇ ਹਾਣ ਦੇ ਬੱਚਿਆਂ ਨਾਲ ਮਿਲ ਜਾਣ ਤੇ ਉਮਰ ਮੁਤਾਬਿਕ ਉਸ ਕਲਾਸ ਵਿਚ ਬੈਠਣ ਦੇ ਕਾਬਲ ਹੋ ਜਾਣ। ਜਦ ਇਸਨੇ ਪਰੋਗਰਾਮ ਕੱਟ ਕੀਤਾ ਤਾਂ ਸਾਰੀਆਂ ਘੱਟ ਗਿਣਤੀ ਲੋਕਾਂ ਦੀਆਂ ਜਥੇਬੰਦੀਆਂ ਨੇ ਇਸਦਾ ਵਿਰੋਧ ਕੀਤਾ ਤਾਂ ਇਸਨੇ ਜਵਾਬ ਵਿਚ ਕਿਹਾ ਕਿ ਜਦ ਉਹ ਹਾਲੈਂਡ ਤੋਂ ਆਇਆ ਸੀ ਤਾਂ ਉਸਨੂੰ ਕੋਈ ਅੰਗਰੇਜ਼ੀ ਦੀ ਮਦਦ ਨਹੀਂ ਸੀ ਮਿਲੀ। ਉਹ ਚੰਗੀ ਅੰਗਰੇਜ਼ੀ ਬੋਲ ਸਕਦਾ ਹੈ ਤੇ ਅੱਜ ਲੱਖਾਂਪਤੀ ਹੈ। ਉਸਦੇ ਵਾਂਗ ਹੀ ਹੋਰ ਇੰਮੀਗਰੈਂਟਾਂ ਦੇ ਬੱਚੇ ਭੀ ਲੱਖਾਂਪਤੀ ਹੋ ਸਕਦੇ ਹਨ ਤੇ ਅੰਗਰੇਜ਼ੀ ਸਿਖਣ ਵਿਚ ਉਨ੍ਹਾਂ ਨੂੰ ਕੋਈ ਔਕੜ ਨਹੀਂ ਆਉਣੀ ਚਾਹੀਦੀ। ਤੇ ਜਦ ਇਹ ਵੈਲਫੇਅਰ ਮਨਿਸਟਰ ਬਣਿਆ ਤਾਂ ਇਸਨੇ ਸਾਰਿਆਂ ਨੂੰ ਡਰਾਇਆ ਕਿ ਵੈਲਫੇਅਰ ਕਟਿਆ ਜਾਵੇਗਾ ਤੇ ਇਹ ਸਾਰਿਆਂ ਨੂੰ ਕਹੀ ਫੜਾ ਦੇਵੇਗਾ। ਵੈਲਫੇਅਰ ਵਾਲਿਆਂ ਨੂੰ ਮਜ਼ਬੂਰਨ ਕੰਮ ਕਰਨਾ ਪਵੇਗਾ। ਇਸਦੇ ਨਾਲ ਆਮ ਲੋਕ ਬਹੁਤ ਖੁਸ਼ ਹੋਏ ਕਿ ਇਸਨੇ ਸਾਰੇ ਬੰਮ ਲੋਕਾਂ ਨੂੰ ਕੰਮ ਤੇ ਲਾ ਦੇਣਾ ਹੈ ਜੋ ਬੈਠੇ ਮੁਫਤ ਦੀਆਂ ਖਾਂਦੇ ਹਨ। ਪਰ ਡੂੰਘੀ ਸੋਚਣ ਵਾਲਿਆਂ ਨੂੰ ਇਸਦਾ ਬੜਾ ਦੁੱਖ ਹੋਇਆ। ਕਿਉਂਕਿ ਪਹਿਲੀ ਗੱਲ ਤਾਂ ਇਹ ਹੈ ਉਹ ਗਰੀਬ ਕਿਉਂ ਹਨ? ਸੁਸਾਇਟੀ ਨੇ ਇਨ੍ਹਾਂ ਸਾਰਿਆਂ ਲੋਕਾਂ ਨੂੰ ਥੱਲੇ ਕਿਉਂ ਸੁਟਿਆ ਹੈ? ਉਨ੍ਹਾਂ ਗਰੀਬਾਂ ਨੂੰ ਤਕਲੀਫਾਂ ਕੀ ਹਨ? ਦੂਸਰਾ ਇਸ ਸਕੀਮ ਦਾ ਮਕਸਦ ਇਹ ਸੀ ਜਦ ਮਾਰਕਿਟ ਵਿਚ ਮਜ਼ਦੂਰ ਜ਼ਿਆਦਾ ਹੋ ਜਾਣ ਤਾਂ ਨੌਕਰੀਆਂ ਲਈ ਮੁਕਾਬਲਾ ਵਧ ਜਾਂਦਾ ਹੈ। ਵਾਧੂ ਮਜ਼ਦੂਰਾਂ ਨੂੰ ਘੱਟ ਤੋਂ ਘੱਟ ਤਨਖਾਹ ਦੇ ਕੇ ਕੰਮ ਕਰਾ ਸਕਦੇ ਹਨ। ਇਸ ਨਾਲ ਮਾਲਕਾਂ ਦਾ ਮੁਨਾਫਾ ਵਧੇਗਾ। ਇਨ੍ਹਾਂ ਬੇਰੁਜ਼ਗਾਰੇ



ਮਜ਼ਦੂਰਾਂ ਨੂੰ ਉਹ ਯੂਨੀਅਨ ਤੋੜਨ ਲਈ ਭੀ ਵਰਤ ਸਕਦੇ ਹਨ। ਸੋ ਹਰ ਨਾਅਰੇ ਪਿਛੇ ਕੋਈ ਗੱਲ ਜਾਂ ਮਤਲਬ ਹੁੰਦਾ ਹੈ। ਨਾਅਰੇ ਨੂੰ ਸਮਝਣ ਲਈ ਸਾਰੇ ਪਿਛੋਕੜ ਦਾ ਅਧਿਅਨ ਕਰਨਾ ਚਾਹੀਦਾ ਹੈ।

ਚੋਟੀ ਦਾ ਮੌਕਾਪ੍ਰਸਤ

ਬਿੱਲ ਵੈਂਡਰਜ਼ਾਮ ਇਕ ਚੋਟੀ ਦਾ ਮੌਕਾਪ੍ਰਸਤ ਹੈ। ਪਹਿਲੋਂ ਇਸਨੇ ਲਿਬਰਲ ਵਿਚ ਚੋਣਾਂ ਲੜੀਆਂ ਤੇ ਜਦ ਇਸਦੀ ਦਾਲ ਨਾ ਗਲੀ ਤਾਂ ਇਹ ਸੋਕਰਡ ਨਾਲ ਰਲ ਗਿਆ। ਵੈਸੇ ਤਾਂ ਸੋਕਰਡ ਗਰੁਪ ਸਾਰਾ ਹੀ ਮੌਕਾਪ੍ਰਸਤ ਹੈ। ਆਪੋ ਆਪਣੇ ਮਤਲਬ ਕੱਢਣ ਲਈ ਟੋਰੀਆਂ ਦੀ, ਲਿਬਰਲ ਪਾਰਟੀ ਦੀ ਤੇ ਹੋਰ ਇੱਕੜ ਦੁੱਕੜ ਅਮੀਰ ਮੌਕਾਪ੍ਰਸਤਾਂ ਦੀ ਜੁੰਡਲੀ ਹੈ। ਕੀਟਾਂ ਅੰਦਰ ਕੀਟਾਂ ਵਾਂਗ ਇਸਦੇ ਥੱਲੇ ਛੋਟੇ ਅਮੀਰ ਮੌਕਾਪ੍ਰਸਤਾਂ ਦਾ ਇਕ ਵੱਡਾ ਜਾਲ ਬਣਿਆ ਹੋਇਆ ਹੈ। ਇਹ ਲੀਰਾਂ ਦੀ ਇਕ ਖੁੱਦੋ ਮੜ੍ਹੀ ਹੋਈ ਹੈ ਜੇ ਇਸਗ ਖੋਲ੍ਹਿਆ ਜਾਵੇ ਤਾਂ ਲੀਰਾਂ ਹੀ ਨਿਕਲਣਗੀਆਂ। ਤੇ ਇਹ ਖੁੱਦੋ ਛੇਤੀ ਹੀ ਖੁਰਦ ਬੁਰਦ ਹੋ ਜਾਣੀ ਹੈ। ਇਹ ਸਾਰੀ ਜੁੰਡਲੀ ਐਨ. ਡੀ. ਪੀ. ਨੂੰ ਹਰਾਉਣ ਲਈ ਇਕੱਠੀ ਹੋਈ ਹੈ। ਇਨ੍ਹਾਂ ਸਾਰਿਆਂ ਵਿਚ ਵੈਂਡਰਜ਼ਾਮ ਚੋਟੀ ਦਾ ਮੌਕਾਪ੍ਰਸਤ ਹੈ। ਜਦ ਵੀ ਇਸਨੇ ਵਜ਼ਾਰਤ ਛੱਡੀ ਸੀ ਉਸ ਦਿਨ ਤੋਂ ਇਹ ਬਿੱਲੀ ਵਾਂਗ ਸ਼ਹਿ ਲਾਈ ਬੈਠਾ ਸੀ। ਵੈਨਕੂਵਰ ਭੀ ਇਸਨੇ ਲੂੰਬੜ ਵਾਂਗ ਚਾਲ ਚਲੀ ਸੀ ਪਰ ਮੂੰਹ ਦੀ ਖਾਕੇ ਦੁੰਬ ਲੱਤਾਂ ਵਿਚ ਫਸਾਕੇ ਚੀਕ ਕੇ ਤਿਤਰ ਹੋ ਗਿਆ। ਹੁਣ ਫੇਰ ਆਪਦੀ ਲੀਡਰਸ਼ਿਪ ਲਈ ਇਸਨੇ ਅਖੀਰ ਜੁੰਡਲੀ ਨੂੰ ਤੇ ਕੈਥੋਲਿਕ ਚਰਚ ਨੂੰ ਵਰਤਿਆ। ਇਹ ਲੁਟ ਖਸੁੱਟ ਕਰਨ ਵਾਲਾ ਬੰਦਾ ਆਪਦੇ ਆਪ ਨੂੰ ਧਰਮੀ ਅਖਵਾਉਂਦਾ ਹੈ। ਕਰਿਸਚਨ ਧਰਮ ਤੋਂ ਇਲਾਵਾ ਹੋਰ ਧਰਮਾਂ ਨੂੰ ਥੱਲੇ ਲਾਹੁਣ ਲਈ ਇਸਨੇ ਬਿਆਨ ਦਿਤਾ ਹੈ ਕਿ ਕੋਈ ਸਿੱਖ, ਮੁਸਲਮਾਨ, ਹਿੰਦੂ, ਬੋਧੀ ਜਾਂ ਜੈਨੀ ਇਤਿਆਦਿ ਭਾਵੇਂ ਹੋਵੇ ਤਾਂ ਕੀ ਇਨ੍ਹਾਂ ਦੇ ਬੱਚਿਆਂ ਨੂੰ ਸਕੂਲਾਂ ਵਿਚ ਲਾਰਡਜ ਪਰੇਅਰ (ਜੋ ਕਰਿਸਚਨਾਂ ਦੀ ਦੁਆ ਹੈ) ਪੜ੍ਹਨੀ ਪਿਆ ਕਰੇਗੀ।

ਮਜ਼ਦੂਰ ਲੀਡਰਾਂ ਵਲੋਂ ਵਿਰੋਧ

ਬੀ. ਸੀ. ਦੇ ਸਾਰੇ ਮਜ਼ਦੂਰ ਲੀਡਰਾਂ ਨੇ ਕਿਹਾ ਕਿ ਵੈਂਡਰਜ਼ਾਮ ਸੁਲਾਹ ਨਹੀਂ ਪਰ ਬੀ. ਸੀ. ਵਿਚ ਤਕਰਾਰ ਲਿਆਵੇਗਾ। ਬਹੁਤ ਲੋਕਾਂ ਨੇ ਇਸਨੂੰ 'ਰੇਡ ਨੇਕ' ਦਾ ਖਿਤਾਬ ਦਿਤਾ ਹੈ ਕਿਉਂਕਿ ਜਿਸ ਮਨਿਸਟਰੀ ਵਿਚ ਭੀ ਇਹ ਗਿਆ ਹੈ ਓਥੇ ਹੀ ਇਸਨੇ ਖਰੂਦ ਪਾਇਆ ਹੈ। ਲੀਡਰਾਂ ਨੂੰ ਡਰ ਹੈ ਕਿ ਵੈਂਡਰਜ਼ਾਮ ਬੀ. ਸੀ. ਵਿਚ ਸ਼ਾਂਤੀ ਦਾ ਮਾਹੌਲ ਨਹੀਂ ਪੈਦਾ ਕਰੇਗਾ। ਲੜਾਕਾਪਨ ਹੋਣ ਦੇ ਨਾਤੇ ਇਹ ਮਾਹੌਲ ਨੂੰ ਖਰਾਬ ਕਰੇਗਾ ਤੇ ਬੀ. ਸੀ. ਦੀ ਆਰਥਿਕ ਦਿਸ਼ਾ ਹੋਰ ਭੀ ਮੰਦੀ ਹੋਣ ਦਾ ਖਤਰਾ ਹੈ। ਜਿਸ ਚਿੱਕੜ ਵਿਚ ਇਹ ਫਸਿਆ ਹੋਇਆ ਹੈ, ਇਸਨੂੰ ਇਸ ਵਿਚੋਂ ਨਿਕਲਣਾ ਕੋਈ ਸੁਖਾਲਾ ਨਹੀਂ।

ਇਹ ਬੰਦਾ ਜੋ ਅੱਜ ਬੀ. ਸੀ. ਦਾ ਪ੍ਰੀਮੀਅਰ ਬਣਿਆ ਹੈ, ਸਿਰਫ ਸੱਤ ਜਮਾਤਾਂ ਹੀ ਪੜ੍ਹਿਆ ਹੋਇਆ ਹੈ। ਇਸਦੀ ਦਿਮਾਗ ਦੀ ਸੋਚਣੀ ਬੜੀ ਸਾਦੀ ਹੈ। ਇਸਦੀ ਆਦਤ ਮੂੰਹ ਪਾੜ ਬੋਲਣ ਦੀ ਹੈ। ਕਈ ਲੋਕਾਂ ਦਾ ਖਿਆਲ ਹੈ ਇਸਨੇ ਗਲਤ ਬਿਆਨਬਾਜ਼ੀ ਕਰਕੇ ਆਪਦਾ ਖਾਤਮਾ ਕਰ ਲੈਣਾ ਹੈ। ਇਸ ਬੜਬੋਲੇ ਨੇ ਕਿਊਬਿਕ ਦੇ ਫਰੈਂਚ ਲੋਕਾਂ ਨੂੰ ਇਕ ਵਾਰ ਡੱਡੂ ਕਿਹਾ ਸੀ ਤੇ ਆਖਿਆ ਸੀ ਜੇ ਕਿਊਬਿਕ ਕੈਨੇਡਾ ਤੋਂ ਅੱਡ ਹੋ ਜਾਵੇ ਤਾਂ ਕੋਈ ਫਰਕ ਨਹੀਂ ਪੈਂਦਾ। ਇਸਦੀ ਸਿਆਸੀ ਸੂਝ ਘੱਟ ਹੋਣ ਸਦਕਾ ਇਹ ਗੁੰਝਲਦਾਰ ਮਸਲੇ ਦਾ ਸਾਦਾ ਹੱਲ ਢੂੰਡਣ ਲਈ ਲੋੜਵੰਦ ਰਹਿੰਦਾ ਹੈ।

ਵੈਂਡਰਜ਼ਾਮ ਬਿਲ ਬੈਨਿਟ ਤੋਂ ਭੀ ਦੋ ਚੰਦੇ ਉਤਾਂਹ ਦੀ ਹੈ। ਸਾਨੂੰ ਭਵਿਖ ਵਿਚ ਚੁਕੰਨੇ ਰਹਿਣਾ ਪਵੇਗਾ। ਇਸਦੇ ਰਾਜ ਵਿਚ ਸਾਨੂੰ ਸੁਖ ਦੇ ਸਾਹ ਘੱਟ ਹੀ ਆਉਣਗੇ। ਸਾਡੀ ਕਮਿਊਨਿਟੀ ਵਿਚ ਜੋ ਨਵੇਂ ਅਮੀਰ ਸੋਕਰਡ ਬਣੇ ਹਨ ਮੈਂ ਉਨ੍ਹਾਂ ਨੂੰ ਆਵਾਜ਼ ਦਿੰਦਾ ਹਾਂ ਕਿ ਆਪਣੇ ਸੁਆਰਥਾਂ ਨੂੰ ਛੱਡਕੇ ਸੋਚੋ ਕਿ ਆਮ ਲੋਕਾਂ ਦਾ ਗਰੀਬਾਂ ਤੇ ਮਜ਼ਦੂਰਾਂ ਅਤੇ ਘੱਟ ਗਿਣਤੀ ਲੋਕਾਂ ਦਾ ਫਾਇਦਾ ਕਿਥੇ ਹੈ

ਕਲਕੱਤਾ ਦੇ ਸਿੱਖ ਪੰਜਾਬ ਦੇ ਹਾਲਾਤ ਤੋਂ ਚਿੰਤਤ — ਗਰੀਬ

ਜਲੰਧਰ — ਸ: ਮੇਹਰ ਸਿੰਘ ਗਰੀਬ, ਪ੍ਰਧਾਨ ਅਕਾਲੀ ਦਲ, ਪੱਛਮੀ ਬੰਗਾਲ ਨੇ ਪੰਜਾਬ ਵਿਚ ਹੋ ਰਹੀਆਂ ਹਿੰਸਕ ਵਾਰਦਾਤਾਂ ਅਤੇ ਇਸ ਕਾਰਨ ਬਾਹਰਲੇ ਰਾਜਾਂ ਵਿਚ ਵਸਦੇ ਸਿੱਖਾਂ ਉਤੇ ਪੈਂਦੇ ਪ੍ਰਭਾਵ ਉਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਇਥੇ ਗੱਲਬਾਤ ਕਰਦਿਆਂ ਉਨ੍ਹਾਂ ਮੁਕਤਸਰ ਲਾਗੇ ਹੋਏ ਗੋਲੀ ਕਾਂਡ, ਜਿਸ ਵਿਚ ਪੰਦਰਾਂ ਵਿਅਕਤੀ ਮਾਰੇ ਗਏ, ਦੀ ਸਖਤ ਨਿਖੇਧੀ ਕੀਤੀ। ਉਨ੍ਹਾਂ ਨੇ ਦਿੱਲੀ ਵਿਚ ਹੋਈਆਂ ਹਿੰਸਕ ਵਾਰਦਾਤਾਂ ਦੀ ਵੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਕਲਕੱਤਾ ਦੇ ਸਿੱਖ ਪੰਜਾਬ ਦੇ ਹਾਲਾਤ ਤੋਂ ਬਹੁਤ ਚਿੰਤਤ ਹਨ। ਸ: ਗਰੀਬ ਨੇ ਕਿਹਾ ਕਿ ਬਾਹਰਲੇ ਰਾਜਾਂ ਵਿਚ ਵਸਦੇ ਸਿੱਖ ਤਾਂ ਹੀ ਸੁਰੱਖਿਆ ਮਹਿਸੂਸ ਕਰ ਸਕਣਗੇ ਜੇ ਪੰਜਾਬ ਵਿਚ ਅਮਨ ਸਥਾਪਤ ਹੋਵੇ। ਫਿਰਕੂ ਏਕਤਾ ਦੀ ਲੋੜ ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਹਿੰਦੂ-ਸਿੱਖਾਂ ਦੀ ਸਾਂਝ ਅਟੁੱਟ ਹੈ। ਸ: ਗਰੀਬ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਹਾਲਾਤ ਸੁਧਾਰਨ ਲਈ ਤੁਰੰਤ ਯੋਗ ਕਦਮ ਚੁੱਕਣ ਦੀ ਅਪੀਲ ਕੀਤੀ।

ਲਾਲਡੇਂਗਾ ਅਗਸਤ ਦੇ ਦੂਜੇ ਹਫਤੇ ਸਹੁੰ ਚੁਕਣਗੇ


ਏਜ਼ਵਾਲ — ਮਿਜ਼ੋ ਨੈਸ਼ਨਲ ਫਰੰਟ ਦੇ ਨੇਤਾ ਸ੍ਰੀ ਲਾਲਡੇਂਗਾ ਅਗਸਤ ਦੇ ਦੂਜੇ ਹਫਤੇ ਮੁਖ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਣਗੇ। ਉਦੋਂ ਤਕ ਸਾਰੇ ਬਾਗੀ ਮਿਜ਼ੋ ਆਪਣੇ ਹਥਿਆਰ ਸੁਟ ਦੇਣਗੇ। ਇਹ ਸੂਚਨਾ ਕੇਂਦਰੀ ਗ੍ਰਹਿ ਰਾਜ ਮੰਤਰੀ ਸ੍ਰੀ ਗੁਲਾਮ ਨਬੀ ਆਜ਼ਾਦ ਨੇ ਇਥੇ ਦਿਤੀ।

ਕਾਮਨਵੈਲਥ ਹੋਰ ਮਜ਼ਬੂਤ ਹੋਵੇਗੀ — ਜੋਅ ਕਲਾਰਕ

ਭਾਰਤ, ਕੈਨੇਡਾ ਤੇ ਆਸਟਰੇਲੀਆ ਅਹਿਮ ਰੋਲ ਨਿਭਾਉਣਗੇ — ਰਾਜੀਵ ਗਾਂਧੀ

ਲੰਡਨ — ਕੈਨੇਡਾ ਦੇ ਬਦੇਸ਼ ਮੰਤਰੀ ਮਿ: ਜੋਅ ਕਲਾਰਕ ਨੇ ਕਿਹਾ ਕਿ ਇੰਗਲੈਂਡ ਨੇ ਬੇਸ਼ੱਕ ਕਾਮਨਵੈਲਥ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਭਾਰਤ, ਕੈਨੇਡਾ ਅਤੇ ਆਸਟਰੇਲੀਆ ਦੱਖਣੀ ਅਫਰੀਕਾ ਵਿਚੋਂ ਨਸਲਵਾਦ ਖਤਮ ਕਰਵਾਉਣ ਲਈ ਅਹਿਮ ਰੋਲ ਨਿਭਾਉਣਗੇ। ਯਾਦ ਰਹੇ ਕਿ ਪਿਛਲੇ ਦਿਨ ਇਥੇ ਖਤਮ ਹੋਈ ਇਕ ਵਾਰਤਾ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਇੰਗਲੈਂਡ ਕਾਮਨਵੈਲਥ ਵਿਚ ਆਪਣੀ ਅਹਿਮੀਅਤ ਗੁਆ ਬੈਠਾ ਹੈ ਜਦ ਕਿ ਭਾਰਤ, ਕੈਨੇਡਾ, ਆਸਟਰੇਲੀਆ, ਜਾਂਬੀਆਂ, ਜਿੰਮਾਮਬੇ ਅਤੇ ਬਹਾਮਜ਼ ਨੇ ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਵਿਰੁੱਧ ਪਾਬੰਦੀਆਂ ਲਾਉਣ ਦਾ ਫੈਸਲਾ ਕੀਤਾ ਤਾਂ ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਟੱਸ ਤੋਂ ਮੱਸ ਨਾ ਹੋਈ।

ਜੋਅ ਕਲਾਰਕ ਤੇ ਰਾਜੀਵ ਗਾਂਧੀ ਨੇ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਕਾਮਨਵੈਲਥ ਅੱਗੇ ਨਾਲੋਂ ਮਜ਼ਬੂਤ ਹੋਵੇਗੀ ਕਿਉਂਕਿ ਜੋ ਪਾਬੰਦੀਆਂ ਛੇ ਦੇਸ਼ਾਂ ਨੇ ਲਾਈਆਂ ਹਨ — ਉਨ੍ਹਾਂ ਪਹਿਲ ਕਰਕੇ ਦੁਨੀਆਂ ਨੂੰ ਦਿਖਾ ਦਿਤਾ ਹੈ ਕਿ ਨਸਲਵਾਦੀ ਸਰਕਾਰ ਬਹੁਤਾ ਚਿਰ ਦੱਖਣੀ ਅਫਰੀਕਾ ਵਿਚ ਨਹੀਂ ਚੱਲੇਗੀ।



ਭਾਰਤ, ਕੈਨੇਡਾ ਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਲੰਡਨ ਵਿਚ

ਸ੍ਰੀ ਦਰਬਾਰ ਸਾਹਿਬ ਦੇ ਦੁਆਲਿਓਂ ਸੀ. ਆਰ. ਪੀ. ਐਫ. ਹਟਾਉਣ ਦੀ ਮੰਗ

ਅੰਮ੍ਰਿਤਸਰ — ਅਕਾਲੀ ਦਲ ਦੇ ਸਕੱਤਰ ਸ: ਗੁਰਦੇਵ ਸਿੰਘ ਨੇ ਮੰਗ ਕੀਤੀ ਹੈ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੁਆਲੇ ਤਾਇਨਾਤ ਸੀ. ਆਰ. ਪੀ. ਐਫ. ਨੂੰ ਹਟਾਇਆ ਜਾਏ। ਉਨ੍ਹਾਂ ਕਿਹਾ ਕਿ ਜੇਕਰ ਉਥੇ ਫੋਰਸ ਤਾਇਨਾਤ ਕਰਨਾ ਜ਼ਰੂਰੀ ਹੈ ਤਾਂ ਬੀ. ਐਸ. ਐਫ. ਜਾਂ ਪੀ. ਏ. ਪੀ. ਹੀ ਤਾਇਨਾਤ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਸੀ. ਆਰ. ਪੀ. ਐਫ ਦਾ ਵਤੀਰਾ ਸਿੱਖ ਵਿਰੋਧੀ ਹੈ ਅਤੇ ਉਹ ਤੰਬਾਕੂ ਖਾਂਦੇ ਅਤੇ ਬੀੜੀਆਂ ਪੀਂਦੇ ਰਹਿੰਦੇ ਹਨ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ ਦੇ ਪ੍ਰਧਾਨ ਨੂੰ ਇਸ ਪਾਸੇ ਵੱਲ ਫੌਰੀ ਧਿਆਨ ਦੇਣ ਨੂੰ ਕਿਹਾ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ: ਗੁਰਦੇਵ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਕੋਲ ਟਾਸਕ ਫੋਰਸ ਹੋਣ ਕਾਰਨ ਗੇਟਾਂ ਤੇ ਨਾਕਾਬੰਦੀ ਦੀ ਲੋੜ ਨਹੀਂ। ਇਥੇ ਅਕਾਲੀ ਦਲ ਦੇ ਯੂਥ ਵਿੰਗ ਦੇ ਸ਼ਹਿਰੀ ਯੂਨਿਟ ਨੇ ਸ: ਗੁਰਦੇਵ ਸਿੰਘ ਨੂੰ ਮਾਰ-ਕੁਟਾਈ ਦੀ ਨਿਖੇਧੀ ਕੀਤੀ।

ਅੰਮ੍ਰਿਤਸਰ — ਅੰਮ੍ਰਿਤਸਰ ਸ਼ਹਿਰ ਵਿਚੋਂ ਕਰਫਿਊ ਪੂਰੀ ਤਰ੍ਹਾਂ ਹਟਾ ਲਿਆ ਗਿਆ। ਕਰਫਿਊ ਬੀਤੇ ਦਿਨੀਂ ਪੰਜਾਬ ਬੰਦ ਦੇ ਮੌਕੇ ਤੇ ਸੁਰੱਖਿਆ ਵਜੋਂ ਲਾਇਆ ਗਿਆ ਸੀ। ਬੰਦ ਦਾ ਸੱਦਾ ਪੰਜ ਰਾਜਸੀ ਪਾਰਟੀਆਂ ਨੇ ਮੁਕਤਸਰ ਕਤਲ ਕਾਂਡ ਵਿਰੁਧ ਰੋਸ ਪ੍ਰਗਟ ਕਰਨ ਲਈ ਦਿਤਾ ਸੀ। ਕਰਫਿਊ ਦੇ ਦੌਰਾਨ ਸ਼ਹਿਰ ਵਿਚ ਕਿਸੇ ਤਰ੍ਹਾਂ ਦੀ ਕੋਈ ਅਸੁਖਾਵੀਂ ਘਟਨਾ ਨਹੀਂ ਵਾਪਰੀ।

ਪੁਲਸ ਗੋਲੀ ਨਾਲ 9 ਵਿਅਕਤੀ ਮਰੇ

ਕਲਕੱਤਾ — ਜ਼ਿਲਾ ਦਾਰਜੀਲਿੰਗ ਦੇ ਕਸਬਾ ਕਾਲੀਮਪਾਂਗ ਵਿਚ ਹਿੰਸਾ ਤੇ ਉਤਾਰੂ ਭੀੜ ਨੂੰ ਖਿੰਡਾਉਣ ਲਈ ਪੁਲਸ ਨੇ ਗੋਲੀ ਚਲਾਈ ਜਿਸ ਵਿਚ 9 ਬੰਦੇ ਮਾਰੇ ਗਏ। ਇਸ ਪਿਛੋਂ ਫੌਜ ਬੁਲਾ ਲਈ ਗਈ। ਗੋਰਖਾ ਨੈਸ਼ਨਲ ਲਿਬਰੇਸ਼ਨ ਫਰੰਟ ਵਲੋਂ ਵੱਖਰੇ ਗੋਰਖਾ ਰਾਜ ਦੀ ਮੰਗ ਨੂੰ ਲੈ ਕੇ ਅੰਦੋਲਨ ਚਲਾਇਆ ਜਾ ਰਿਹਾ ਸੀ ਅਤੇ ਲੋਕ ਹਿੰਸਾ ਤੇ ਉਤਰ ਆਏ। ਇਥੇ ਸਕੱਤਰੇਤ ਵਿਖੇ ਪ੍ਰਾਪਤ ਖਬਰਾਂ ਅਨੁਸਾਰ ਪਹਿਲਾਂ ਪੁਲਸ ਨੇ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਚਲਾਏ ਪਰ ਲੋਕਾਂ ਤੇ ਕਾਬੂ ਨਾ ਪਾਇਆ ਜਾ ਸਕਿਆ। ਇਸ ਪਿਛੋਂ ਪੁਲਸ ਨੇ ਗੋਲੀ ਚਲਾਈ ਜਿਸ ਵਿਚ 9 ਬੰਦੇ ਮਾਰੇ ਗਏ। ਫਰੰਟ ਦੇ ਸਮਰਥਕਾਂ ਨੇ ਆਪਣੀ ਵਖਰੇ ਰਾਜ ਦੀ ਮੰਗ ਦੇ ਹੱਕ ਵਿਚ ਭਾਰਤ ਨਿਪਾਲ ਸੰਧੀ-1950 ਦੀਆਂ ਕਾਪੀਆਂ ਸਾੜਨ ਦਾ ਪਰੋਗਰਾਮ ਬਣਾਇਆ ਸੀ।

ਰਾਜੀਵ ਪੰਜਾਬ ਦੀ ਪੱਦ ਯਾਤਰਾ ਕਰਨ — ਬਹੁਗੁਣਾ

ਵਾਰਾਨਸੀ — ਲੋਕ ਦਲ ਦੇ ਵਰਕਿੰਗ ਪ੍ਰਧਾਨ ਸ੍ਰੀ ਐਚ ਐਨ ਬਹੁਗੁਣਾ ਨੇ ਪੰਜਾਬ ਅਤੇ ਦੇਸ਼ ਦੇ ਹੋਰ ਖੇਤਰਾਂ ਵਿਚ ਅਮਨ ਕਾਨੂੰਨ ਦੀ ਵਿਗੜਦੀ ਹਾਲਾਤ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਤੇ ਜ਼ੋਰ ਦਿਤਾ ਕਿ ਉਹ ਦਿੱਲੀ ਤੋਂ ਲੈ ਕੇ ਅੰਮ੍ਰਿਤਸਰ ਤਕ ਪਦ ਯਾਤਰਾ ਕਰਨ ਤਾਂ ਜੋ ਲੋਕਾਂ ਵਿਚ ਵਿਸ਼ਵਾਸ ਦੀ ਭਾਵਨਾ ਪੈਦਾ ਹੋ ਸਕੇ। ਵਰਕਰਾਂ ਦੀ ਮੀਟਿੰਗ ਵਿਚ ਬੋਲਦਿਆਂ ਉਹਨਾਂ ਕਿਹਾ ਕਿ ਉਹ ਅਤੇ ਹੋਰ ਵਿਰੋਧੀ ਨੇਤਾ ਪ੍ਰਧਾਨ ਮੰਤਰੀ ਨਾਲ ਪਦ ਯਾਤਰਾ ਕਰਨ ਲਈ ਤਿਆਰ ਹਨ। ਇਸ ਨਾਲ ਪੰਜਾਬ ਦੇ ਸਹਿਮੇ ਲੋਕਾਂ ਨਾਲ ਸਿੱਧਾ ਸੰਪਰਕ ਪੈਦਾ ਹੋਵੇਗਾ ਅਤੇ ਉਹਨਾਂ ਵਿਚ ਆਤਮ ਵਿਸ਼ਵਾਸ਼ ਆਵੇਗਾ। ਉਹਨਾਂ ਕਿਹਾ ਕਿ ਦੇਸ਼ ਵਿਚ ਹੋ ਰਹੇ ਦੰਗਿਆਂ ਅਤੇ ਵੱਖਵਾਦੀ ਰੁਝਾਨ ਦੀ ਜ਼ਿੰਮੇਵਾਰੀ ਕੇਂਦਰੀ ਸਰਕਾਰ ਉਤੇ ਹੈ। ਉਹਨਾਂ ਕਿਹਾ ਕਿ ਵੱਖਵਾਦੀ ਤਾਕਤਾਂ ਦੇ ਮਜ਼ਬੂਤ ਹੋਣ ਨਾਲ ਕੌਮੀ ਏਕਤਾ ਲਈ ਖਤਰਾ ਪੈਦਾ ਹੋ ਗਿਆ ਹੈ। ਉਹਨਾਂ ਕਿਹਾ ਕਿ ਜੰਮੂ-ਕਸ਼ਮੀਰ ਵਿਚ ਵੀ ਤੁਰੰਤ ਚੋਣਾਂ ਕਰਾਉਣੀਆਂ ਚਾਹੀਦੀਆਂ ਹਨ ਤਾਂ ਜੋ ਉਥੇ ਵੀ ਹਾਲਤ ਵਿਚ ਸੁਧਾਰ ਹੋ ਸਕੇ।

ਰੂਸ ਕੋਲੋਂ ਨਵੀਨ ਜਹਾਜ਼ ਲੈਣ ਲਈ ਭਾਰਤ ਨੇ ਦੇਰ ਕਰਨੀ ਚੰਗੀ ਸਮਝੀ

ਨਵੀਂ ਦਿੱਲੀ — ਭਾਰਤ ਨੇ ਰੂਸ ਦੇ ਮਿਗ-29 ਹਵਾਈ ਜਹਾਜ਼ਾਂ ਦਾ ਵਰਤਮਾਨ ਰੂਪਾਂਤਰ ਲੈਣ ਤੋਂ ਇਨਕਾਰ ਕਰਕੇ ਮੋਹਰਲੀ ਕਤਾਰ ਦੇ ਬਹੁਤ ਹੀ ਅਹਿਮ ਤੇ ਨਵੀਨਤਮ ਜਹਾਜ਼ ਦੀ ਡਲਿਵਰੀ ਵਿਚ ਇਕ ਸਾਲ ਦੀ ਦੇਰੀ ਪ੍ਰਵਾਨ ਕਰ ਲਈ। ਲੰਡਨ ਦੀ ਪੱਤ੍ਰਿਕਾ 'ਫਲਾਈਟ ਇੰਟਰਨੈਸ਼ਨਲ' ਦੀ ਰਿਪੋਰਟ ਅਨੁਸਾਰ ਭਾਰਤ ਅਤੇ ਸੀਰੀਆ ਕਰਮਵਾਰ 40 ਅਤੇ 80 ਮਿਗ-29 ਫੁਲ ਕਰੂਮਜ਼ ਪ੍ਰਾਪਤ ਕਰਨ ਵਾਲੇ ਪਹਿਲੇ ਦੇਸ਼ ਹੋਣਗੇ। ਪੱਤ੍ਰਿਕਾ ਅਨੁਸਾਰ ਹੁਣ ਤੋਂ 100 ਤੋਂ 150 ਫੁਲ ਕਰੂਮਜ਼ ਰੂਸ ਦੀ ਹਵਾਈ ਸੈਨਾ ਵਿਚ ਸ਼ਾਮਲ ਹੋ ਚੁਕੇ ਹਨ। ਪੱਤ੍ਰਿਕਾ ਨੇ ਸੂਤਰਾਂ ਦਾ ਨਾਂ ਲਏ ਬਿਨਾਂ ਦੱਸਿਆ ਹੈ ਕਿ ਭਾਰਤ ਜੋ ਬਹੁਤ ਹੀ ਕਿਰਸੀ ਖਰੀਦਾਰਾਂ ਵਿਚੋਂ ਇਕ ਹੈ, ਪੱਛਮੀ ਅਤੇ ਪੂਰਬੀ ਦੋਵਾਂ ਬਲਾਕਾਂ ਤੋਂ ਹਥਿਆਰ ਲੈ ਰਿਹਾ ਹੈ, ਨੇ ਅਧਿਕ ਨਵੀਨਤਮ ਹਵਾਈ ਜਹਾਜ਼ ਪ੍ਰਾਪਤ ਕਰ ਲਏ ਹਨ। ਪੱਤ੍ਰਿਕਾ ਨੇ ਇਹ ਵੀ ਦੱਸਿਆ ਕਿ ਹੁਣ ਜਿਹੇ ਦੂਰ ਦੁਰਾਡੇ ਅਤੇ ਜੋ 6 ਮਿਗ-29 ਪਹੁੰਚੇ, ਵਿਚਲੇ ਪ੍ਰਸਤਾਵਿਤ ਜਹਾਜ਼ਾਂ ਨਾਲੋਂ ਵੱਡੇ ਸਨ ਪਰ ਆਕਾਰ ਵਿਚ ਅਮਰੀਕਾ ਦੇ ਐਫ 15 ਨਾਲੋਂ ਐਫ-18 ਦੇ ਨੇੜੇ ਸਨ। ਮਿਗ-29 ਦਾ ਬੁਨਿਆਦੀ ਡਿਜ਼ਾਈਨ ਅਮਰੀਕੀ ਹਵਾਈ ਸੇਵਾਵਾਂ ਵਿਚ ਸ਼ਾਮਲ ਲੜਾਕੂ ਜਹਾਜ਼ਾਂ ਨਾਲ ਮਿਲਦੇ ਜੁਲਦੇ ਹਨ ਪਰ ਜਦੋਂ ਫੁਲ ਕਰੂਮਜ਼ ਜਹਾਜ਼ ਬੇਜੋੜ ਅਤੇ ਕੰਮ ਕਰਨ ਲੱਗਾ ਤਾਂ ਤਾਕਤ ਦੇ ਸੰਤੁਲਨ ਤੇ ਅਸਰ ਪੈਣ ਦੀ ਸੰਭਾਵਨਾ ਹੈ।

ਕਿਸ ਖ਼ਲਾ ਬਾਰੇ ਤੂੰ ਪੁੱਛਦਾ ਏਂ, ਅਜਾਇਬ,
ਮੇਰੇ ਅੰਦਰ ਤਾਂ ਖ਼ਲਾ ਵਿਚ ਵੀ ਖ਼ਲਾ ਹੈ।

ਅਗਲੇ ਪ੍ਰੋਗਰਾਮ ਦਾ 6 ਨੂੰ ਐਲਾਨ — ਬਾਬਾ ਜੀ

ਲੁਧਿਆਣਾ — ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਬਾਬਾ ਜੋਗਿੰਦਰ ਸਿੰਘ ਨੇ ਗੁਰਦੁਆਰਾ ਆਲਮਗੀਰ ਵਿਚ ਹੋਏ ਦੀਵਾਨ ਵਿਚ ਭਾਸ਼ਨ ਕਰਦਿਆਂ ਕਿਹਾ ਕਿ ਸਿੱਖ ਮੁਸ਼ਕਲ ਦੌਰ ਵਿਚੋਂ ਲੰਘ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਵਿਚ ਅਮਨ ਲਈ ਸਿੱਖ ਨੌਜੁਆਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਨਾ ਬੰਦ ਕੀਤਾ ਜਾਵੇ। ਨਾਰਾਜ਼ ਫੌਜੀ ਬਹਾਲ ਕੀਤੇ ਜਾਣ ਤੇ ਨਜ਼ਰਬੰਦ ਨੌਜੁਆਨ ਛੱਡੇ ਜਾਣ। ਉਹਨਾਂ ਕਿਹਾ ਕਿ ਅਗਲੇ ਪਰੋਗਰਾਮ ਦਾ ਐਲਾਨ ਕੀਤਾ ਜਾਵੇਗਾ। ਉਹਨਾਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਸਲਾਹ ਦਿਤੀ ਕਿ ਉਹ ਝੂਠ ਬੋਲਣਾ ਬੰਦ ਕਰ ਦੇਣ।

ਵ੍ਹਿਸਲਰ ਵਿਚ ਹੋਈ ਨਵੇਂ ਪ੍ਰੀਮੀਅਰ ਦੀ ਚੋਣ ਸਮੇਂ ਦੇ ਦ੍ਰਿਸ਼



ਬੌਬ ਭੂਪਾਲ, ਬਿੱਲ ਬੈਨਿਟ, ਸੁਦੇਸ਼ ਕਾਲੀਆ, ਸੁਨੀਲ ਆਹੂਜਾ



ਸੀ. ਟੀ. ਵੀ. ਦੇ ਮਸ਼ਹੂਰ ਬਰਾਡਕਾਸਟਰ ਜੇਕ ਵੈਬਸਟਰ ਕੈਨੇਡਾ ਦਰਪਣ ਦੇ ਸੰਪਾਦਕ ਦਰਸ਼ਨ ਗਿੱਲ ਨਾਲ



ਸੁਦੇਸ਼ ਕਾਲੀਆ ਵੈਂਡਰਜ਼ਾਮ ਦੇ ਕੈਂਪ ਕੋਲ



ਕੇਵਲ ਖੋਸਲਾ ਵੈਂਡਰਜ਼ਾਮ ਕੈਂਪ ਵਿਚ

For our Readers & Advertisers

'Canada Darpan'
Office Hours

Monday to Friday — 10 a.m. - 5.00 p.m.
Please phone during these hours only

Ph. 581-4473

ਰੱਖਿਆ ਸੇਵਾਵਾਂ ਲਈ ਹੋਰ 4 ਅਰਬ

ਸੰਸਦ ਵਿਚ 1318.40 ਕਰੋੜ ਦੀਆਂ ਮੰਗਾਂ ਪੇਸ਼

ਨਵੀਂ ਦਿੱਲੀ — ਕੇਂਦਰੀ ਸਰਕਾਰ ਨੇ ਲੋਕ ਸਭਾ ਵਿਚ ਸਾਲ 1986-87 ਲਈ ਪਹਿਲੀ ਕਿਸ਼ਤ ਵਜੋਂ 1318.40 ਕਰੋੜ ਰੁਪੈ ਦੀਆਂ ਪੂਰਕ ਮੰਗਾਂ ਪੇਸ਼ ਕੀਤੀਆਂ। ਵਿਤ ਰਾਜ ਮੰਤਰੀ ਸ੍ਰੀ ਬੀ ਕੇ ਮਾਧਵੀ ਨੇ ਮੰਗਾਂ ਪੇਸ਼ ਕਰਦਿਆਂ ਕਿਹਾ ਕਿ ਆਮਦਨੀ ਤੇ ਵਸੂਲੀਆਂ 654.51 ਕਰੋੜ ਰੁਪੈ ਦੀਆਂ ਹਨ। ਇਸ ਲਈ ਅਧਿਕ ਖਰਚਾ ਕੇਵਲ 663.89 ਕਰੋੜ ਰੁਪੈ ਦਾ ਹੈ। ਪੂਰਕ ਮੰਗਾਂ 26 ਗਰਾਂਟਾ ਤੇ ਆਧਾਰਿਤ ਹੈ। ਗੈਰ ਪਲਾਨਿੰਗ ਖਰਚਾ 1062.16 ਕਰੋੜ ਰੁਪੈ ਅਤੇ ਯੋਜਨਾ ਖਰਚਾ 256.24 ਕਰੋੜ ਰੁਪੈ ਦਾ ਹੈ ਜਿਸ ਵਿਚ ਰਾਜਾਂ ਨੂੰ ਤਬਦੀਲ ਕੀਤੇ ਜਾਣ ਵਾਲੇ 6.06 ਕਰੋੜ ਰੁਪੈ ਵੀ ਸ਼ਾਮਲ ਹਨ। ਇਹਨਾਂ ਵਿਚ ਗੈਰ ਯੋਜਨਾ ਰਖਿਆ ਸੇਵਾਵਾਂ ਤੇ ਬਜਟ ਦੀ ਵਿਵਸਥਾ ਨਾਲੋਂ 408 ਕਰੋੜ ਰੁਪੈ ਅਧਿਕ ਖਰਚ ਕਰਨਾ ਵੀ ਸ਼ਾਮਲ ਹੈ ਜਦੋਂ ਕਿ ਕੌਮਾਂਤਰੀ ਮਾਲੀ ਫੰਡ ਲਈ 378.09 ਕਰੋੜ ਰੁਪੈ ਚੰਦੇ ਵਜੋਂ ਦਿੱਤੇ ਜਾਣਗੇ ਸਿਕਿਆਂ ਦੀ ਦਰਾਮਦ ਲਈ 66.12 ਕਰੋੜ ਰੁਪੈ ਦੀ ਵਿਵਸਥਾ ਹੈ।



ਪਿਛਲੇ ਦਿਨਾਂ ਦੀਆਂ ਹਿੰਸਕ ਵਾਰਦਾਤਾਂ ਤੋਂ ਬਾਅਦ ਦਿੱਲੀ ਵਿਚ ਲਗੇ ਕਰਫਿਊ ਕਾਰਣ ਗਹਿਮਾ ਗਹਿਮੀ ਭਰੇ ਬਾਜ਼ਾਰ ਸੁੰਨਸਾਨ ਦਿਖਾਈ ਦੇ ਰਹੇ ਹਨ। ਇਹ ਦ੍ਰਿਸ਼ ਬਲੀਮਾਰਾਂ ਬਾਜ਼ਾਰ ਦਾ ਹੈ ਸਭ ਤੋਂ ਵਧ ਭੀੜ ਭਰੇ ਬਾਜ਼ਾਰਾਂ ਵਿਚੋਂ ਇਕ ਹੈ।

ਪਾਰਲੀਮੈਂਟ ਉਡਾਉਣ ਦੀ ਸਾਜ਼ਿਸ਼ 'ਚ ਫੜੇ ਅਜੀਤ ਸਿੰਘ ਦਾ ਹੋਰ ਰਿਮਾਂਡ

ਨਵੀਂ ਦਿੱਲੀ — ਐਡੀਸ਼ਨਲ ਚੀਫ ਮੈਟਰੋਪੋਲੀਟਨ ਮੈਜਿਸਟਰੇਟ ਭਾਰਤ ਭੂਸ਼ਨ ਨੇ ਪਾਰਲੀਮੈਂਟ ਹਾਊਸ ਉਡਾਉਣ ਦੀ ਕਥਿਤ ਯੋਜਨਾ ਦੇ ਸਬੰਧ ਵਿਚ ਫੜੇ ਅਜੀਤ ਸਿੰਘ ਦਾ ਪੁਲਸ ਰਿਮਾਂਡ ਵਧਾ ਦਿਤਾ ਹੈ। ਭਾਰਤ ਭੂਸ਼ਨ ਨੇ ਅਜੀਤ ਸਿੰਘ ਤੇ ਉਹਦੇ ਸਾਥੀ ਅਵਤਾਰ ਸਿੰਘ ਨੂੰ ਜੇਲ੍ਹ ਭੇਜ ਦਿਤਾ ਕਿਉਂਕਿ ਸੀ. ਬੀ. ਆਈ. ਨੇ ਉਹਨਾਂ ਨੂੰ ਪੁਲਸ ਹਿਰਾਸਤ ਵਿਚ ਰੱਖਣ ਲਈ ਜ਼ੋਰ ਨਹੀਂ ਦਿਤਾ ਸੀ। ਅਜੀਤ ਸਿੰਘ ਨੂੰ ਅਤਿਵਾਦ ਵਿਰੋਧੀ ਐਕਟ ਅਧੀਨ 8 ਜੁਲਾਈ ਨੂੰ ਕੁਝ ਹੋਰ ਸਾਥੀਆਂ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਦੱਸਿਆ ਜਾਂਦਾ ਹੈ ਕਿ ਉਹਨਾਂ ਦਾ ਕੈਨੇਡਾ ਵਿਚ ਕੁਝ ਲੋਕਾਂ ਨਾਲ ਸਬੰਧ ਹੈ। ਦੱਸਿਆ ਗਿਆ ਹੈ ਕਿ ਅਜੀਤ ਸਿੰਘ ਪੁੱਤਰ ਰਾਮਪਾਲ ਸਿੰਘ ਨੇ ਇਸ ਯੋਜਨਾ ਦੇ ਸਬੰਧ ਵਿਚ ਕੈਨੇਡਾ ਵਿਚ ਤੇਜਿੰਦਰਪਾਲ ਸਿੰਘ ਨਾਲ ਪਿਛੇ ਜਿਹੇ ਟੈਲੀਫੋਨ ਤੇ ਗੱਲਬਾਤ ਕੀਤੀ ਸੀ। ਸੀ. ਬੀ. ਆਈ. ਅਨੁਸਾਰ ਅਜੀਤ ਸਿੰਘ ਤੋਂ ਹਾਲਾਂ ਹੋਰ ਪੁੱਛਗਿਛ ਦੀ ਲੋੜ ਹੈ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਇਸ ਕਥਿਤ ਸਾਜ਼ਿਸ਼ ਵਿਚ ਲਗਪਗ 8-9 ਵਿਅਕਤੀਆਂ ਨੂੰ ਪੰਜਾਬ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

ਹਰਿਆਣਾ ਪ੍ਰਦੇਸ਼ ਯੂਥ ਕਾਂਗਰਸ ਦੀ ਪ੍ਰਧਾਨਗੀ ਲਈ ਨੱਸ ਭੱਜ ਤੇਜ਼

ਮੰਡੀ ਡਬਵਾਲੀ — ਹਰਿਆਣਾ ਪ੍ਰਦੇਸ਼ ਯੂਥ ਕਾਂਗਰਸ ਦੇ ਪ੍ਰਧਾਨ ਨਿਰਮਲ ਸਿੰਘ ਐਮ. ਐਲ. ਏ. ਨੂੰ ਬੰਸੀ ਲਾਲ ਮੰਤਰੀ ਮੰਡਲ ਵਿਚ ਲਏ ਜਾਣ ਤੋਂ ਬਾਅਦ ਯੂਥ ਕਾਂਗਰਸ ਦੀ ਵਾਗਡੋਰ ਸੰਭਾਲਣ ਲਈ ਨਵੇਂ ਨਾਵਾਂ ਦੀ ਚਰਚਾ ਨੇ ਇਕ ਵਾਰ ਫਿਰ ਜ਼ੋਰ ਫੜ ਲਿਆ ਹੈ। ਪ੍ਰਦੇਸ਼ ਯੂਥ ਕਾਂਗਰਸ ਦੇ ਪ੍ਰਧਾਨ ਅਤੇ ਮਾਲ ਮੰਤਰੀ ਸ੍ਰੀ ਨਿਰਮਲ ਸਿੰਘ ਸ਼ੁਰੂ ਤੋਂ ਹੀ ਚੌਧਰੀ ਬੰਸੀ ਲਾਲ ਦੇ ਹਮਾਇਤੀ ਰਹੇ ਹਨ। ਸਾਬਕਾ ਮੁਖ ਮੰਤਰੀ ਚੌ: ਭਜਨ ਲਾਲ ਦੇ ਮੁਖ ਮੰਤਰੀ ਰਹਿਣ ਦੌਰਾਨ ਨਿਰਮਲ ਸਿੰਘ ਪ੍ਰਸ਼ਾਸਨ ਉਤੇ ਭ੍ਰਿਸ਼ਟਾਚਾਰ ਅਤੇ ਅਫਸਰਸ਼ਾਹੀ ਦੇ ਗੰਭੀਰ ਦੋਸ਼ ਖੁਲ੍ਹੇ ਤੌਰ ਤੇ ਲਾਉਂਦੇ ਰਹੇ। ਚੌ: ਭਜਨ ਲਾਲ ਤੇ ਨਿਰਮਲ ਸਿੰਘ ਨੂੰ ਪ੍ਰਦੇਸ਼ ਯੂਥ ਕਾਂਗਰਸ ਦੀ ਪ੍ਰਧਾਨਗੀ ਤੋਂ ਹਟਾਉਣ ਲਈ ਚਾਰ ਵਾਰ ਕੋਸ਼ਿਸ਼ ਕੀਤੀ ਪਰ ਹਰ ਵਾਰ ਅਸਫਲ ਰਹੇ। ਅਖਿਲ ਭਾਰਤੀ ਯੂਥ ਕਾਂਗਰਸ ਦੇ ਪ੍ਰਧਾਨ ਸ੍ਰੀ ਆਨੰਦ ਸ਼ਰਮਾ ਨੇ ਸ੍ਰੀ ਨਿਰਮਲ ਸਿੰਘ ਨੂੰ ਮੰਤਰੀ ਬਣਨ ਤੋਂ ਬਾਅਦ ਵੀ ਯੂਥ ਕਾਂਗਰਸ ਦੇ ਪ੍ਰਧਾਨ ਬਣੇ ਰਹਿਣ ਲਈ ਕਿਹਾ ਹੈ। ਫਿਰ ਵੀ ਨਵੇਂ ਪ੍ਰਧਾਨ ਲਈ ਸੂਬਾ ਸਿੰਘ ਪੂਨੀਆ ਐਮ. ਐਲ. ਏ. ਹਿਸਾਰ ਜ਼ਿਲਾ ਯੂਥ ਕਾਂਗਰਸ ਦੇ ਜਨਰਲ ਸਕੱਤਰ ਸ੍ਰੀ ਵਿਜੇ ਕੌਸ਼ਿਕ, ਰਾਜਿੰਦਰ ਕੁਮਾਰ ਚੌਹਾਨ ਜੋ ਕਿ ਪੁਰਾਣੇ ਵਫਾਦਾਰ ਕਾਂਗਰਸੀ ਵਰਕਰ ਅਤੇ ਹਰਿਆਣਾ ਦੇ ਸਿਹਤ ਮੰਤਰੀ ਦੇ ਲੜਕੇ ਹਨ, ਸਮੇਤ ਗੁਰਦਿਆਲ ਸੈਣੀ, ਬਲਰਾਜ ਕੌਸ਼ਿਕ ਅਤੇ ਚਕਰਵਰਤੀ ਸ਼ਰਮਾ ਦੇ ਨਾਵਾਂ ਦੀ ਚਰਚਾ ਹੋ ਰਹੀ ਹੈ। ਯੂਥ ਕਾਂਗਰਸ ਦੇ ਮੀਤ ਪ੍ਰਧਾਨ ਮਲਕੀਅਤ ਸਿੰਘ ਗੰਗਾ ਦਾ ਕਹਿਣਾ ਹੈ ਕਿ ਸਿਰਫ ਸ੍ਰੀ ਨਿਰਮਲ ਸਿੰਘ ਹੀ ਹਰਿਆਣਾ ਯੂਥ ਕਾਂਗਰਸ ਦੀ ਸਹੀ ਰਹਿਨੁਮਾਈ ਕਰ ਸਕਦੇ ਹਨ ਕਿਉਂਕਿ ਨਿਰਮਲ ਸਿੰਘ ਦੀ ਅਗਵਾਈ ਹੇਠ ਹੀ ਹਰਿਆਣਾ ਯੂਥ ਕਾਂਗਰਸ ਦੇ ਸੰਗਠਨ ਨੂੰ ਭਾਰੀ ਮਜ਼ਬੂਤੀ ਪ੍ਰਾਪਤ ਹੋਈ ਹੈ ਅਤੇ ਹੁਣ ਨਿਰਮਲ ਸਿੰਘ ਦੇ ਮੰਤਰੀ ਬਣਨ ਨਾਲ ਸੰਗਠਨ ਹੋਰ ਮਜ਼ਬੂਤ ਹੋਵੇਗਾ।

ਕਿਹਾ ਦੋ-ਚਿੱਤੀਆਂ ਦਾ ਸਫ਼ਰ ਸੀ ਇਹ ਜ਼ਿੰਦਗੀ ਅਪਣੀ,
ਕਿਸੇ ਵੀ ਨਾ ਸਿਰੇ ਲੱਗੀ ਇਹੋ ਤੇਰੀ ਰਜ਼ਾ ਵਾਂਗੂੰ।

ਖਾਲਸਾ ਫੂਡਜ਼ ਸੈਂਟਰ ਅਤੇ ਆਲ ਇੰਡੀਆ ਫੂਡਜ਼ 'ਤੇ

ਗਰੈਂਡ ਸੇਲ

KHALSA FOOD CENTRE
Opposite All India Foods
6635 Main St. Vancouver, B.C.
(604) 324-2195

ALL INDIA FOODS
6634 Main St. Vancouver, B.C.
Ph. (604) 324-1686

ਨਬਾਬ ਚਾਹ ਪੱਤੀ Nabob Tea **2.95** 100 Packs	ਨਬਾਬ ਚਾਹ ਪੱਤੀ Nabob Tea **5.99** 1 lb. pkt.	ਕਰਿਸਕੋ ਤੇਲ **5.69** 3 lit.	ਕਰਿਸਕੋ ਸ਼ੋਰਟਨਿੰਗ **3.49** can.
ਬੀ. ਸੀ. ਸ਼ੂਗਰ B.C. Granulated Sugar ਲਿਮਟਿਡ ਔਫਰ **4.99** White 10 kg. Bag.	ਪੈਸਿਫਿਕ ਮਿਲਕ Pacific Milk **69¢** can	ਮੈਦਾ ਰੌਬਿਨਹੁੱਡ Robinhood Maida **4.99** 10 K.G.	ਵੈਜੀਟੇਬਲ ਤੇਲ Vegetable Oil **2.99** 3 lit.
ਕੌਮਿੱਟ ਭਾਂਡੇ ਧੋਣ ਵਾਲਾ Comet **99¢** large can 600 GMS.	ਵੇਸਣ Channa Flour **2.69** 2 kg.	ਐਪਲ ਜੂਸ Apple Juice ਵਾਈਟ ਲੇਬਲ white lable **69¢** 1 lit	ਹਰੀਆਂ ਲੈਚੀਆਂ Green Ilachi **9.99** lb.
ਵੈਜੀਟੇਬਲ ਤੇਲ Vegetable Oil **11.99** 16 lit.	ਅਦਰਕ Ginger **89¢** lb.	ਐਪਲ ਜੂਸ ਬਲੂ ਲੇਬਲ Apple Juice Blue Label **99¢**	ਅਮਰੀਕਾ ਤੋਂ ਵਧੀਆ ਗੰਢੇ Onions **7.99** 50 lb.
ਬਾਸਮਤੀ ਚੌਲ Basmati Rice **69 ¢** lb.	ਸੇਵੀਆਂ Sewian **2/99¢**	ਟਾਈਡ ਕੱਪੜੇ ਧੋਣ ਵਾਲਾ ਸਾਬਣ **9.69** 12 lit.	ਚੀਅਰ ਕੱਪੜੇ ਧੋਣ ਵਾਲਾ ਸਾਬਣ **8.88**
ਪੈਪਸੀ ਜਾਂ ਸੈਵਨ ਅੱਪ Or Seven Up bottle. **2/99** 750 ml. Plus Deposit	ਹਲਦੀ ਮਿਰਚਾਂ Chilli or Haldi **99¢** ea. lb.	ਦੁੱਧ ਡੇਰੀਲੈਂਡ Milk Only Saturday - Sunday **ਸਪੈਸ਼ਲ**	ਪਾਪੜ Papad **99¢** pkt.

100 ਡਾਲਰ ਗਰੌਸਰੀ ਰੈਗੂਲਰ ਕੀਮਤ ਤੇ ਖਰੀਦਣ ਵਾਲੇ ਨੂੰ ਭਾਰੇ ਥੱਲੇ ਵਾਲੇ ਪਤੀਲੇ ਖਰੀਦਣ 'ਤੇ 10 ਡਾਲਰ ਦੀ ਛੋਟ ਦਿਤੀ ਜਾਵੇਗੀ ।

ਪੰਜਾਬੀ ਕਾਮਿਆਂ ਨੂੰ ਭਰਤੀ ਨਾ ਕਰਨ ਵਾਲੇ ਕਾਰਖਾਨਿਆਂ ਦੀ ਕੋਈ ਲੋੜ ਨਹੀਂ

ਰਾਜਪੁਰਾ — ਪੰਜਾਬ ਦੇ ਕ੍ਰਿਤ ਤੇ ਰੁਜ਼ਗਾਰ ਮੰਤਰੀ ਸ੍ਰੀ ਪ੍ਰੇਮ ਗੁਪਤਾ ਨੇ ਕਿਹਾ ਕਿ ਪੰਜਾਬ 'ਚ ਵੱਡੇ ਕਾਰਖਾਨੇਦਾਰ ਜਿਹੜੇ ਪੰਜਾਬੀ ਕਾਮਿਆਂ ਨੂੰ ਭਰਤੀ ਕਰਨ ਵਿਚ ਹਿਚਕਚਾਹਟ ਕਰਦੇ ਹਨ ਉਹ ਉਹਨਾਂ ਨੂੰ ਬਹੁਤ ਹੀ ਬੁਰੀ ਤਰ੍ਹਾਂ ਰੜਕਦੇ ਹਨ। ਉਹਨਾਂ ਕਿਹਾ ਕਿ ਪੰਜਾਬ ਸਾਰੇ ਭਾਰਤ ਵਿਚ ਇਕੋ ਇਕ ਅਜਿਹਾ ਸੂਬਾ ਹੈ ਜਿਥੇ ਕੋਈ ਕਾਰਖਾਨੇਦਾਰ ਜਾਂ ਕੋਈ ਵੀ ਵਿਅਕਤੀ ਜਿੰਨੀ ਮਰਜ਼ੀ ਜਾਇਦਾਦ ਖਰੀਦ ਕੇ ਵੱਡੇ ਤੋਂ ਵੱਡਾ ਕਾਰਖਾਨਾ ਬਣਾ ਲਵੇ। ਉਹਨਾਂ ਕਿਹਾ ਕਿ ਅਜਿਹੀ ਸਹੂਲਤ ਹੋਰ ਕਿਸੇ ਸੂਬੇ ਵਿਚ ਨਹੀਂ ਹੈ। ਸ੍ਰੀ ਗੁਪਤਾ ਨੇ ਕਿਹਾ ਕਿ ਪੰਜਾਬ ਦੇ ਵਧੇਰੇ ਕਾਰਖਾਨੇਦਾਰ ਬਾਹਰਲੇ ਰਾਜਾਂ ਤੋਂ ਆਏ ਕਾਮਿਆਂ ਨੂੰ ਤਰਜੀਹ ਦਿੰਦੇ ਹਨ ਜਦ ਕਿ ਪੰਜਾਬੀ ਕਾਮੇ ਬੇਰੁਜ਼ਗਾਰੀ ਕਾਰਨ ਧੱਕੇ ਖਾਂਦੇ ਫਿਰਦੇ ਹਨ। ਉਹਨਾਂ ਸਾਫ ਸ਼ਬਦਾਂ ਵਿਚ ਕਿਹਾ ਕਿ ਜਿਸ ਕਾਰਖਾਨੇ ਵਿਚ ਪੰਜਾਬੀ ਕਾਮਿਆਂ ਨੂੰ ਭਰਤੀ ਨਹੀਂ ਕੀਤਾ ਜਾਂਦਾ ਸਾਨੂੰ ਅਜਿਹੇ ਕਾਰਖਾਨਿਆਂ ਦੀ ਕੋਈ ਲੋੜ ਨਹੀਂ ਹੈ। ਸ੍ਰੀ ਗੁਪਤਾ ਨੇ ਪੰਜਾਬ ਵਿਚੋਂ ਹਿੰਦੂਆਂ ਦੇ ਨਿਕਾਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਨਰਾਜ਼ ਧੜਾ ਜਾਣ ਬੁਝਕੇ ਅਜਿਹਾ ਪਰਚਾਰ ਕਰਕੇ ਸਰਕਾਰ ਨੂੰ ਬਦਨਾਮ ਕਰ ਰਿਹਾ ਹੈ ਤੇ ਅਸਲੀਅਤ ਤੇ ਤਸਦੀਕ ਸ਼ੁਦਾ ਗੱਲ ਇਹ ਹੈ ਕਿ ਬਾਹਰ ਗਏ ਪਰਿਵਾਰ ਹਾਲਾਤ ਠੀਕ ਹੋ ਜਾਣ ਕਾਰਨ ਮੁੜ ਪਰਤ ਰਹੇ ਹਨ।

ਸਰਕਾਰ ਘੱਟ ਗਿਣਤੀਆਂ ਦੀ ਪੂਰੀ ਰੱਖਿਆ ਕਰੇਗੀ — ਧਾਲੀਵਾਲ, ਤਾਜਪੁਰੀ

ਲੁਧਿਆਣਾ — ਪੰਜਾਬ ਦੇ ਪੀ. ਡਬਲਿਊ ਡੀ. ਰਾਜ ਮੰਤਰੀ ਸ: ਰਾਜਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਰਾਜ ਸਰਕਾਰ ਲਿੰਕ ਸੜਕਾਂ ਨੂੰ ਚੌੜਾ ਕਰਨ ਤੇ ਮੁਰੰਮਤ ਦੇ ਕੰਮਾਂ ਤੇ 54 ਕਰੋੜ ਰੁਪੇ ਖਰਚ ਕਰੇਗੀ ਜਿਸ ਵਿਚੋਂ 24 ਕਰੋੜ ਰੁਪੇ ਮਾਰਕੀਟਿੰਗ ਕਮੇਟੀਆਂ ਦੇਣਗੀਆਂ। ਸ: ਧਾਲੀਵਾਲ ਬੋਫਗੜ੍ਹ ਵਿਖੇ ਇਕ ਪੇਂਡੂ ਇਕੱਠ ਵਿਚ ਤਕਰੀਰ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਮਾਛੀਵਾੜਾ-ਰਾਹੋਂ ਸੜਕ ਤੇ ਦਰਿਆ ਸਤਲੁਜ ਉਤੇ ਦਸ ਕਰੋੜ ਰੁਪੇ ਦੀ ਲਾਗਤ ਨਾਲ ਇਕ ਪੁਲ ਬਣਾਇਆ ਜਾਏਗਾ ਜੋ ਤਿੰਨ ਸਾਲ ਵਿਚ ਮੁਕੰਮਲ ਹੋ ਜਾਏਗਾ। ਉਨ੍ਹਾਂ ਨੇ ਬਾਗੀ ਅਕਾਲੀ ਲੀਡਰਾਂ ਦੀ ਸਖਤ ਆਲੋਚਨਾ ਕੀਤੀ। ਸ: ਧਾਲੀਵਾਲ ਨੇ ਕਿਹਾ ਕਿ ਫਿਰਕੂ ਘਿਰਣਾ ਫੈਲਾਣ ਅਤੇ ਹਿੰਦੂ ਸਿਖ ਏਕਤਾ ਭੰਗ ਕਰਨ ਦੇ ਯਤਨਾਂ ਨੂੰ ਸਹਿਣ ਨਹੀਂ ਕੀਤਾ ਜਾਏਗਾ।

ਰਾਜ ਮੰਤਰੀ ਪਸ਼ੂ ਪਾਲਣ ਸ: ਜਗਦੇਵ ਸਿੰਘ ਤਾਜਪੁਰੀ ਨੇ ਵੀ ਤਕਰੀਰ ਕੀਤੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਘੱਟ ਗਿਣਤੀਆਂ ਦੇ ਜਾਨ ਤੇ ਮਾਲ ਦੀ ਰੱਖਿਆ ਲਈ ਜ਼ਿੰਮੇਵਾਰ ਹੈ। ਪਿੰਡਾਂ ਵਿਚ ਸਾਰੇ ਵਰਗਾਂ ਤੇ ਅਧਾਰਿਤ ਭਾਈਚਾਰਾ ਅਮਨ ਕਮੇਟੀਆਂ ਕਾਇਮ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਫੈਡਰੇਸ਼ਨ ਆਗੂਆਂ ਦੀ ਰਿਹਾਈ ਬਿਨਾਂ ਪੰਜਾਬ 'ਚ ਪੱਕਾ ਅਮਨ ਸੰਭਵ ਨਹੀਂ

ਪਟਿਆਲਾ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਪ੍ਰੀਜ਼ੀਡੀਅਮ ਦੇ ਮੈਂਬਰ ਸ: ਕੁਲਵੰਤ ਸਿੰਘ 'ਕੰਵਲ' ਨੇ ਕਿਹਾ ਹੈ ਕਿ ਜੇਕਰ ਕੇਂਦਰੀ ਸਰਕਾਰ ਪੰਜਾਕ ਸਮੱਸਿਆ ਹੱਲ ਕਰਨਾ ਚਾਹੁੰਦੀ ਹੈ ਤਾਂ ਉਹ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਰੱਦ ਕਰਕੇ ਨਵੇਂ ਸਿਰਿਓਂ ਸਾਂਝੇ ਅਕਾਲੀ ਦਲ, ਦਮਦਮ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਦਲ ਨਾਲ ਸਮਝੌਤਾ ਕਰੇ। ਜਦੋਂ ਤੱਕ ਉਹ ਸ: ਸੁਰਜੀਤ ਸਿੰਘ ਬਰਨਾਲਾ, ਮੁਖ ਮੰਤਰੀ, ਪੰਜਾਬ ਦੀ ਹਮਾਇਤ ਵਾਪਸ ਲੈ ਕੇ ਇਨ੍ਹਾਂ ਚਾਰਾਂ ਜਥੇਬੰਦੀਆਂ ਨਾਲ ਸਮਝੌਤਾ ਨਹੀਂ ਕਰਦੀ, ਉਦੋਂ ਤੱਕ ਪੰਜਾਬ ਮਸਲਾ ਸੁਲਝਾਇਆ ਨਹੀਂ ਜਾ ਸਕਦਾ। ਪੰਜਾਬ ਵਿਚ ਸ਼ਾਂਤੀ ਸਥਾਪਤ ਕਰਨ ਦੇ ਮਾਮਲੇ ਤੇ ਵਿਦਿਆਰਥੀ ਨੇਤਾ ਨੇ ਸਪੱਸ਼ਟ ਕੀਤਾ ਕਿ ਉਸ ਸਮੇਂ ਤਕ ਪੰਜਾਬ ਵਿਚ ਪੱਕੇ ਤੌਰ ਤੇ ਅਮਨ ਨਹੀਂ ਹੋ ਸਕਦਾ, ਜਦੋਂ ਤਕ ਫੈਡਰੇਸ਼ਨ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਤੇ ਜਨਰਲ ਸਕੱਤਰ, ਸ: ਹਰਮਿੰਦਰ ਸਿੰਘ ਸੰਧੂ ਸਮੇਤ ਸਾਰੇ ਸਿੱਖ ਨੌਜਵਾਨਾਂ ਨੂੰ ਰਿਹਾ ਨਹੀਂ ਕੀਤਾ ਜਾਂਦਾ। ਸ: ਕੰਵਲ ਨੇ ਸ੍ਰੀ ਰਾਜੀਵ ਗਾਂਧੀ ਤੇ ਦੋਸ਼ ਲਾਇਆ ਕਿ ਉਹ ਪੰਜਾਬ ਮਸਲਾ ਸੁਲਝਾਉਣਾ ਨਹੀਂ ਚਾਹੁੰਦੇ ਸਗੋਂ ਆਪਣੇ ਸਵਾਰਥੀ ਹਿਤਾਂ ਲਈ ਇਸ ਨੂੰ ਹੋਰ ਉਲਝਾਉਣਾ ਚਾਹੁੰਦੇ ਹਨ। ਇਸ ਗਲ ਦਾ ਸਬੂਤ ਸ: ਹਰਮਿੰਦਰ ਸਿੰਘ ਸੰਧੂ ਦੇ ਉਸ ਬਿਆਨ ਨੂੰ ਅਣਗੌਲਿਆ ਕਰੀ ਰਖਣਾ ਹੈ ਜਿਸ ਵਿਚ ਸ: ਸੰਧੂ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਸਰਵ ਪਾਰਟੀ ਨੇਤਾਵਾਂ ਦੀ ਮੀਟਿੰਗ ਬੁਲਾਵੇ ਅਤੇ ਅਸੀਂ ਉਸ ਮੀਟਿੰਗ ਵਿਚ ਆਪਣੀਆਂ ਮੰਗਾਂ ਬਾਰੇ ਪੱਖ ਪੇਸ਼ ਕਰਾਂਗੇ ਅਤੇ ਜੇਕਰ ਸਰਕਾਰ ਅਤੇ ਵਿਰੋਧੀ ਨੇਤਾ ਸਾਨੂੰ ਗਲਤ ਸਿਧ ਕਰ ਦੇਣ ਤਾਂ ਅਸੀਂ ਆਪਣਾ ਅੰਦੋਲਨ ਖਤਮ ਕਰ ਦੇਵਾਂਗੇ ਅਤੇ ਜੇਕਰ ਸਰਕਾਰ ਨੂੰ ਗਲਤ ਸਿੱਧ ਕਰ ਦਿਤਾ ਤਾਂ ਸਾਡੀਆਂ ਮੰਗਾਂ ਸਰਕਾਰ ਨੂੰ ਮੰਨਣੀਆਂ ਪੈਣਗੀਆਂ। ਫੈਡਰੇਸ਼ਨ ਦੇ ਨੇਤਾ ਨੇ ਪੰਜਾਬ ਵਿਚ ਫੈਲੀ ਮੌਜੂਦਾ ਅਰਾਜਕਤਾ ਲਈ ਕੇਂਦਰ ਸਰਕਾਰ ਨੂੰ ਅਤੇ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਧਾਰਮਿਕ ਜਜ਼ਬਾਤਾਂ ਅਧੀਨ ਬੈਰਕਾਂ ਛੱਡਣ ਵਾਲੇ ਸਿੱਖ ਫੌਜੀਆਂ ਨੂੰ ਅਜੇ ਤਕ ਜੇਲ੍ਹਾਂ ਵਿਚ ਜ਼ਿੰਦਗੀ ਬਿਤਾਉਣੀ ਪੈ ਰਹੀ ਹੈ ਅਤੇ ਉਹਨਾਂ ਨੂੰ ਸਜ਼ਾਵਾਂ ਸੁਣਾਈਆਂ ਜਾ ਰਹੀਆਂ ਹਨ, ਜਦੋਂ ਕਿ 1962 ਅਤੇ 1965 ਦੀ ਜੰਗ ਵਿਚ ਸਰਹੱਦਾਂ ਉਤੇ ਹਥਿਆਰ ਸੁੱਟ ਤੇ ਦੌੜਨ ਵਾਲੇ ਉਹਨਾਂ ਫੌਜੀਆਂ ਨੂੰ ਕੋਈ ਸਜ਼ਾ ਨਹੀਂ ਦਿਤੀ ਗਈ ਜਿਹਨਾ ਸਦਕਾ ਪੂਰੇ ਭਾਰਤ ਦੀ ਆਜ਼ਾਦੀ ਖਤਰੇ ਵਿਚ ਪੈ ਗਈ ਸੀ।

ਮੁਕਤਸਰ ਗੋਲੀ ਕਾਂਡ ਮੌਤਾਂ ਦੀ ਗਿਣਤੀ 17

ਫਿਰੋਜ਼ਪੁਰ — ਬੀਤੇ ਸ਼ੁਕਰਵਾਰ ਨੂੰ ਮੁਕਤਸਰ ਦੇ ਨੇੜੇ ਦਹਿਸ਼ਤਗਰਦਾਂ ਦੀ ਗੋਲੀ ਨਾਲ ਫੱਟੜ ਹੋਣ ਵਾਲਾ ਇਕ ਨੌਜਵਾਨ ਜਤਿੰਦਰ ਪਾਲ (21) ਸੀ ਐਮ ਸੀ ਹਸਪਤਾਲ ਲੁਧਿਆਣਾ ਵਿਚ ਦਮ ਤੋੜ ਗਿਆ। ਇਸ ਪ੍ਰਕਾਰ ਇਸ ਗੋਲੀ ਕਾਂਡ ਵਿਚ ਹਲਾਕ ਹੋਣ ਵਾਲਿਆਂ ਦੀ ਗਿਣਤੀ ਸਤਾਰਾਂ ਹੋ ਗਈ ਹੈ। ਇਥੇ ਪ੍ਰਾਪਤ ਖਬਰਾਂ ਅਨੁਸਾਰ ਬਾਕੀ ਪੰਜ ਫੱਟੜ ਵਿਅਕਤੀ ਜਿਨ੍ਹਾਂ ਨੂੰ ਸਿਰ ਅਤੇ ਗਰਦਣ ਤੇ ਗੋਲੀ ਮਾਰੀ ਗਈ ਸੀ, ਉਹਨਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਦੋ ਸਕੇ ਭਰਾ ਸੰਜੇ (18) ਤੇ ਜਤਿੰਦਰ (21) ਵੀ ਸ਼ੁਕਰਵਾਰ ਨੂੰ ਹਸਪਤਾਲ ਵਿਚ ਦਮ ਤੋੜ ਗਏ ਹਨ।


ਪ੍ਰੀਤਮ ਸਿੰਘ ਉਬਰਾਏ ਜਨਰਲ ਸਕੱਤਰ ਬਣੇ


ਚੰਡੀਗੜ੍ਹ — ਅਕਾਲੀ ਦਲ ਦੇ ਪ੍ਰਧਾਨ ਸ: ਸੁਰਜੀਤ ਸਿੰਘ ਬਰਨਾਲਾ ਨੇ ਸ: ਪ੍ਰੀਤਮ ਸਿੰਘ ਉਬਰਾਏ ਨੂੰ ਪਾਰਟੀ ਦਾ ਚੌਥਾ ਜਨਰਲ ਸਕੱਤਰ ਨਾਮਜ਼ਦ ਕੀਤਾ ਹੈ। ਸ: ਉਬਰਾਏ, ਜੋ ਜਲੰਧਰ ਨਾਲ ਸਬੰਧਤ ਹਨ, ਸਵਰਗੀ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਦਲ ਦਾ ਪ੍ਰਧਾਨ ਹੋਣ ਸਮੇਂ ਪਾਰਟੀ ਦੇ ਵਿੱਤ ਸਕੱਤਰ ਸਨ। ਪਤਾ ਲੱਗਾ ਹੈ ਕਿ ਸ: ਬਰਨਾਲਾ ਪਾਰਟੀ ਵਰਕਿੰਗ ਕਮੇਟੀ ਲਈ ਕੁੱਝ ਹੋਰ ਮੈਂਬਰ ਨਾਮਜ਼ਦ ਕਰਨਗੇ ਕਿਉਂਕਿ ਬਾਗੀ ਅਕਾਲੀਆਂ ਦੇ ਚਲੇ ਜਾਣ ਨਾਲ ਕੁਝ ਥਾਵਾਂ ਖਾਲੀ ਹੋਈਆਂ ਹਨ।

ਹਥਿਆਰਾਂ ਸਣੇ ਆਤਮ-ਸਮਰਪਨ

ਏਜ਼ੋਲ — ਇਥੇ ਪ੍ਰਾਪਤ ਖਬਰਾਂ ਅਨੁਸਾਰ ਬੀਤੇ ਦਿਨ ਭਾਰਤ, ਬੰਗਲਾ ਦੇਸ਼ ਅਤੇ ਬਰਮਾ ਦੇ ਤਿਕੋਨੇ ਸੰਗਮਪਰਵਾ ਵਿਖੇ ਮਿਜ਼ੋ ਨੈਸ਼ਨਲ ਫਰੰਟ ਦੇ ਮੈਂਬਰਾਂ ਨੇ ਆਪਣੇ 75 ਫੀਸਦੀ ਹਥਿਆਰ ਤੇ ਭਾਰੀ ਮਾਤਰਾ ਵਿਚ ਗੋਲੀ ਸਿੱਕਾ ਸਰਕਾਰੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ। ਹੁਣ ਤੱਕ ਫਰੰਟ ਦੇ 337 ਮੈਂਬਰ ਆਤਮ-ਸਮਰਪਨ ਕਰ ਚੁਕੇ ਹਨ। ਇਹਨਾਂ ਵਿਚ ਹਥਿਆਰਬੰਦ ਵਿੰਗ ਦੇ 107 ਮੈਂਬਰ ਵੀ ਸ਼ਾਮਲ ਹਨ ਜੋ ਰੂਪੋਸ਼ ਸਨ। ਬੀਤੇ ਦਿਨ ਪਰਵਾ ਵਿਖੇ 107 ਬਾਗੀ ਆਏ ਜਿਨ੍ਹਾਂ ਵਿਚ ਫਰੰਟ ਦਾ ਕਥਿਤ ਵਿਤ ਮੰਤਰੀ ਰਾਊਲ ਫੀਨਾ ਵੀ ਸੀ। ਫਰੰਟ ਦੇ ਸਾਰੇ ਮੈਂਬਰ ਤੇ ਉਨ੍ਹਾਂ ਦੇ ਪਰਿਵਾਰ ਸੜਕ ਰਾਹੀਂ ਏਜ਼ੋਲ ਲਈ ਰਵਾਨਾ ਹੋ ਜਾਣਗੇ







ਫਿਰਕੂ ਕੱਟੜਵਾਦ ਦਾ ਭਾਰਤ ਨੂੰ ਸਭ ਤੋਂ ਵੱਡਾ ਖਤਰਾ

ਜੰਗ ਸਿੰਘ ਗਿਆਨੀ

ਇਸ ਸਮੇਂ ਸਮੁੱਚੀ ਮਨੁੱਖਤਾ, ਜਿਥੇ ਤੀਜੀ ਐਟਮੀ ਜੰਗ ਦਾ ਭਿਆਨਕ ਖਤਰਾ ਅਨੁਭਵ ਕਰਕੇ ਭੈ ਭੀਤ ਹੋ ਰਹੀ ਹੈ, ਉਥੇ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਸਭ ਤੋਂ ਵੱਡਾ ਖਤਰਾ ਤੇਜ਼ੀ ਨਾਲ ਵਧ ਰਹੇ ਫਿਰਕੂ ਕੱਟੜਵਾਦ ਤੋਂ ਪੈਦਾ ਹੋ ਗਿਆ ਹੈ। ਇਹ ਹਕੀਕਤ ਤਾਂ ਚਿੱਟੇ ਦਿਨ ਵਾਂਗ ਰੌਸ਼ਨ ਹੈ ਕਿ 1947 ਵਿਚ ਦੇਸ਼ ਦੀ ਵੰਡ ਦਾ ਮੁਖ ਕਾਰਣ ਵੀ ਹਿੰਦੂਆਂ ਤੇ ਮੁਸਲਮਾਨਾਂ ਵਿਚ ਵਧੀ ਹੋਈ ਫਿਰਕੂ ਨਫਰਤ ਸੀ। ਉਹ ਨਫਰਤ ਬ੍ਰਤਾਨਵੀ ਸਰਕਾਰ ਦੀ "ਪਾੜੋ ਤੇ ਰਾਜ ਕਰੋ" ਦੀ ਕੁਟਲ ਨੀਤੀ ਕਰਕੇ ਪੈਦਾ ਹੋਈ। ਉਸ ਸਮੇਂ ਦੇਸ਼ ਦੇ ਸਾਰੇ ਵੱਡੇ ਵੱਡੇ ਨੇਤਾ ਇਹ ਬਿਆਨ ਦਿਆ ਕਰਦੇ ਸਨ ਕਿ ਜਦੋਂ ਦੇਸ਼ ਆਜ਼ਾਦ ਹੋ ਗਿਆ ਤਾਂ ਭਾਰਤ ਵਿਚ "ਹਿੰਦੂ ਮੁਸਲਮ ਸਿਖ ਈਸਾਈ ਆਪਸ ਮੇਂ ਹੈ ਭਾਈ ਭਾਈ" ਦੀ ਵਿਚਾਰਧਾਰਾ ਦਾ ਬੋਲ ਵਾਲਾ ਹੋਵੇਗਾ। ਜਦੋਂ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਵਾਲੀ ਫੁਟ ਪਾਊ ਪਾਲਸੀ ਖਤਮ ਹੋ ਗਈ ਤਾਂ ਭਾਰਤ ਵਿਚੋਂ ਫਿਰਕੂ ਕੱਟੜਵਾਦ ਵੀ ਖਤਮ ਹੋ ਜਾਵੇਗਾ ਤੇ ਹਿੰਦੂ ਮੁਸਲਮ, ਸਿਖ, ਈਸਾਈ ਸਾਰੇ ਘਿਉ ਖਿਚੜੀ ਹੋ ਕੇ ਰਿਹਾ ਕਰਨਗੇ। ਸਭ ਨੂੰ ਬਰਾਬਰ ਦੇ ਅਧਿਕਾਰ ਹੋਣਗੇ। ਨਸਲ, ਮਜ਼ਹਬ, ਜ਼ਾਤਪਾਤ ਤੇ ਲਿੰਗ ਦਾ ਭੇਦ ਭਾਵ ਖਤਮ ਕਰ ਦਿਤਾ ਜਾਵੇਗਾ ਤੇ ਭਾਰਤ ਅਮਨ, ਆਜ਼ਾਦੀ, ਤੇ ਖੁਸ਼ਹਾਲੀ ਦੇ ਪੱਖੋਂ ਇਕ ਆਦਰਸ਼ਕ ਦੇਸ਼ ਹੋਵੇਗਾ।

ਆਜ਼ਾਦੀ ਪ੍ਰਾਪਤ ਕਰਨ ਦੇ ਘੋਲ ਵਿਚ ਹਿੱਸਾ ਪਾਉਣ ਵਾਲੇ ਲੀਡਰਾਂ ਨੇ ਜੋ ਬਹੁਤ ਹੀ ਚੰਗੇ ਸੁਪਨੇ ਲਏ ਸਨ ਉਹ ਕਿਉਂ ਪੂਰੇ ਨਹੀਂ ਹੋਏ ? ਇਸ ਪ੍ਰਸ਼ਨ ਉਤੇ ਗੰਭੀਰਤਾ ਨਾਲ ਵਿਚਾਰ ਕਰਨ ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲਾਂ ਹਿੰਦੂ ਫਿਰਕੂ ਕੱਟੜਵਾਦ ਨੇ "ਹਿੰਦੀ ਹਿੰਦੂ ਹਿੰਦੁਸਤਾਨ" ਦਾ ਨਾਹਰਾ ਲਾਇਆ। ਰਾਸ਼ਟ੍ਰੀਯ ਸੋਇਮ ਸੇਵਕ ਸੰਘ ਦੇ ਸੰਚਾਲਕ ਸ੍ਰੀ ਗੋਲਵਾਲਕਰ ਨੇ ਇਹ ਪ੍ਰਾਪੇਗੰਡਾ ਕਰਨਾ ਸ਼ੁਰੂ ਕੀਤਾ ਕਿ ਜਦੋਂ ਦੇਸ਼ ਆਜ਼ਾਦ ਹੋ ਗਿਆ ਤਾਂ ਉਸ ਵਿਚ ਉਹੀ ਲੋਕ ਰਹਿ ਸਕਣਗੇ, ਜਿਹੜੇ ਆਪਣੀ ਮਾਤਭਾਸ਼ਾ ਹਿੰਦੀ ਲਿਖਾਉਣਗੇ, ਆਪਣੇ ਆਪ ਨੂੰ ਹਿੰਦੂ ਆਖਵਾਉਣਗੇ ਤੇ ਉਹੀ ਹਿੰਦੋਸਤਾਨ ਦੇ ਸ਼ਹਿਰ ਹੋਣਗੇ। ਇਸ ਨਾਹਰੇ ਤੋਂ ਮੁਸਲਮਾਨ, ਈਸਾਈਆਂ ਤੇ ਸਿੱਖਾਂ ਵਿਚ ਇਹ ਡਰ ਪੈਦਾ ਹੋ ਗਿਆ ਕਿ ਆਜ਼ਾਦ ਹਿੰਦੋਸਤਾਨ ਵਿਚ ਉਨ੍ਹਾਂ ਦਾ ਧਰਮ, ਬੋਲੀ ਤੇ ਸਭਿਅਤਾ ਖਤਰੇ ਵਿਚ ਪੈ ਜਾਣਗੇ। ਜੇ ਰਾਜਸੀ ਤਾਕਤ ਕੱਟੜਵਾਦੀ ਹਿੰਦੂਆਂ ਦੇ ਹੱਥ ਵਿਚ ਆ ਗਈ ਤਾਂ ਉਹ ਭਾਰਤ ਦੀਆਂ ਘੱਟ ਗਿਣਤੀਆਂ ਦਾ ਜਿਊਣਾ ਦੁਭਰ ਕਰ ਦੇਣਗੇ ਤੇ ਉਨ੍ਹਾਂ ਨੂੰ ਇਸ ਗੱਲ ਲਈ ਮਜ਼ਬੂਰ ਕਰ ਦੇਣਗੇ ਕਿ ਉਹ ਆਪਣੀ ਵੱਖਰੀ ਪਛਾਣ ਖਤਮ ਕਰ ਦੇਣ ਨਹੀਂ ਤਾਂ ਉਹ ਆਜ਼ਾਦ ਭਾਰਤ ਵਿਚ ਅਮਨ ਚੈਨ ਨਾਲ ਨਹੀਂ ਰਹਿ ਸਕਣਗੇ। ਇਸ ਖਤਰੇ ਨੂੰ ਸਭ ਤੋਂ ਪਹਿਲਾਂ ਕੁਝ ਮੁਸਲਮਾਨ ਲੀਡਰਾਂ ਨੇ ਅਨੁਭਵ ਕੀਤਾ। ਮਿ: ਜਿਨਾਹ ਵੀ ਪਹਿਲਾਂ ਪੱਕੇ ਕੌਮਪ੍ਰਸਤ ਸਨ। ਅਲਾਮਾ ਇਕਬਾਲ ਨੇ ਲਿਖਿਆ, "ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਨਾ, ਹਿੰਦੀ ਹੈ ਹਮ ਵਤਨ ਹੈ - ਹਿੰਦੋਸਤਾਨ ਹਮਾਰਾ।"

ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ
ਹਮ ਬੁਲਬੁਲੇਂ ਹੈਂ ਇਸ ਕੀ ਯਹਿ ਗੁਲਸਤਾਨ ਹਮਾਰਾ।

ਪਰ ਜਿਉਂ ਜਿਉਂ ਆਰ ਐਸ ਐਸ ਦਾ ਪ੍ਰਾਪੇਗੰਡਾ ਤੇਜ਼ ਹੁੰਦਾ ਗਿਆ ਕੌਮਪ੍ਰਸਤ ਮੁਸਲਮਾਨ ਵੀ ਦੇਸ਼ ਦੀ ਵੰਡ ਦੇ ਹੱਕ ਵਿਚ ਹੁੰਦੇ ਗਏ। ਮੌਲਾਨਾ ਆਜ਼ਾਦ, ਖਾਨ ਬ੍ਰਦਰਜ਼ ਤੇ ਸ਼ੇਖ ਅਬਦੁੱਲਾ ਵਰਗੇ ਕੁਝ ਉਂਗਲੀਆਂ ਤੇ ਗਿਣੇ ਜਾਣ ਜੋਗੇ ਮੁਸਲਮਾਨ ਹੀ ਮਹਾਤਮਾਂ ਗਾਂਧੀ ਦੇ ਅਖੰਡ ਹਿੰਦੋਸਤਾਨ ਦੇ ਹਾਮੀ ਰਹਿ ਗਏ। ਮੁਸਲਮ ਬਹੁ ਗਿਣਤੀ ਵਾਲੇ ਸੂਬਿਆਂ ਦੇ ਮੁਸਲਮਾਨ ਦੇਸ਼ ਦੀ ਵੰਡ ਦੇ ਹੱਕ ਵਿਚ ਖੜੇ ਹੋ ਗਏ। ਮਿ: ਜਿਨਾਹ ਵੀ ਆਪਣੀ ਇਸ ਜ਼ਿੱਦ ਤੇ ਅੜ ਗਏ ਕਿ ਉਹ ਪਾਕਿਸਤਾਨ ਤੋਂ ਘੱਟ ਕੋਈ ਸਮਝੌਤਾ ਨਹੀਂ ਕਰਨਗੇ। ਗਾਂਧੀ ਜੀ ਨੇ ਮਿ: ਜਿਨਾਹ ਨੂੰ ਵਾਸਤਾ ਪਾਇਆ ਕਿ ਉਹ ਦੇਸ਼ ਦੇ ਟੁਕੜੇ ਨਾ ਕਰਨ। ਉਨ੍ਹਾਂ ਨੂੰ ਕੋਰਾ ਚੈਕ ਪੇਸ਼ ਕੀਤਾ ਤੇ ਕਿਹਾ ਕਿ ਉਹ ਸਾਰੇ ਹਿੰਦੋਸਤਾਨ ਦੇ ਪ੍ਰਧਾਨ ਮੰਤਰੀ ਬਣ ਜਾਣ ਪਰ ਦੇਸ਼ ਦੀ ਵੰਡ ਨਾ ਕਰਨ ਪ੍ਰੰਤੂ ਮਿ: ਜਿਨਾਹ ਨੂੰ ਬੰਬਈ ਦੇ ਇਕ ਡਾਕਟਰ ਨੇ ਇਹ ਦਸ ਦਿੱਤਾ ਸੀ ਕਿ ਉਸਦੀ ਜ਼ਿੰਦਗੀ ਦੇ ਦਿਨ ਬਹੁਤ ਥੋੜ੍ਹੇ ਰਹਿ ਗਏ ਹਨ ਨਾਲੇ ਉਸਨੇ ਸੋਚਿਆ ਕਿ ਜੇ ਮੈਂ ਪ੍ਰਧਾਨ ਮੰਤਰੀ ਬਣ ਵੀ ਗਿਆ ਤਾਂ ਮੈਂ ਜਮਹੂਰੀਅਤ ਦੇ ਰਾਜ ਵਿਚ ਹਿੰਦੂ ਬਹੁ ਗਿਣਤੀ ਦੇ ਰਹਿਮੋ ਕਰਮ ਤੇ ਹੋਵਾਂਗਾ ਜਦੋਂ ਉਹ ਚਾਹੁਣਗੇ ਮੇਰੇ ਪਾਸੋਂ ਆਹੁਦਾ ਖੋਹ ਲੈਣਗੇ। ਇਸ ਕਰਕੇ ਕਿਉਂ ਨਾ ਮੈਂ ਮੁਸਲਮਾਨਾਂ ਨੂੰ ਇਕ ਵੱਖਰਾ ਦੇਸ਼ ਲੈ ਦੇਵਾਂ। ਉਹ ਆਪਣੀ ਮੰਗ ਉਤੇ ਦ੍ਰਿੜ ਹੋ ਗਿਆ ਤੇ ਮਹਾਤਮਾ ਗਾਂਧੀ ਜੋ ਕਹਿੰਦੇ ਸਨ ਮੈਂ ਆਪਣੇ ਸਰੀਰ ਦੇ ਟੁਕੜੇ ਤਾਂ ਕਰਵਾ ਸਕਦਾ ਹਾਂ ਭਾਰਤ ਦੇ ਟੁਕੜੇ ਨਹੀਂ ਹੋਣ ਦੇਵਾਂਗਾ। ਉਹ ਬੇਵਸ ਹੋ ਗਏ। ਉਨ੍ਹਾਂ ਦੇ ਦੋ ਵੱਡੇ ਸਾਥੀ ਪੰਡਤ ਨਹਿਰੂ ਤੇ ਸ੍ਰ: ਪਟੇਲ ਦੇਸ਼ ਦੀ ਵੰਡ ਕਰਨ ਲਈ ਤਿਆਰ ਹੋ ਗਏ ਤੇ ਉਨ੍ਹਾਂ ਨੇਂ ਆਪਣੇ ਬਾਪੂ ਦਾ ਕਹਿਣਾ ਮੰਨਣ ਤੋਂ ਇਨਕਾਰ ਕਰ ਦਿੱਤਾ।



ਦਿੱਲੀ ਦੇ ਤਿਲਕ ਨਗਰ ਖੇਤਰ ਵਿਚ ਹਿੰਸਕ ਫਸਾਦਾਂ 'ਚ ਹੋਈ ਤਬਾਹੀ ਦਾ ਦ੍ਰਿਸ਼, ਭੀੜ ਵਲੋਂ ਸਾੜੇ ਗਏ ਸਕੂਟਰ ਅਤੇ ਮੋਟਰ ਸਾਈਕਲ। ਪੱਛਮੀ ਦਿੱਲੀ ਵਿਚ ਹੈਲੀਕਾਪਟਰ ਰਾਹੀਂ ਨਿਗਰਾਨੀ -ਫਤੇਹ ਨਗਰ 'ਚ ਇਕਠੇ ਹੋਏ ਇਲਾਕੇ ਦੇ ਸਿੱਖ ਵਸਨੀਕ। ਕਰਫ਼ਿਊ ਦੌਰਾਨ ਸੜਕਾਂ ਤੇ ਰੁਕਾਵਟਾਂ ਖੜੀਆਂ ਕਰਨ ਲਈ ਰਿਕਸ਼ਿਆਂ ਦੀ ਵਰਤੋਂ ਕੀਤੀ ਗਈ।

ਦੇਸ਼ ਦੀ ਵੰਡ ਤੋਂ ਪਿਛੋਂ ਜਦੋਂ ਗਾਂਧੀ ਜੀ ਨੇ ਫਿਰ ਵੀ ਧਰਮ ਨਿਰਪੱਖਤਾ ਦਾ ਪ੍ਰਚਾਰ ਕੀਤਾ ਤੇ ਹਿੰਦੂਆਂ ਦੇ ਕੱਟੜਵਾਦ ਵਿਰੁਧ ਆਵਾਜ਼ ਉਠਾਈ ਤਾਂ ਉਨ੍ਹਾਂ ਨੂੰ ਇਕ ਕੱਟੜਵਾਦੀ ਹਿੰਦੂ ਨੇ ਗੋਲੀਆਂ ਦਾ ਨਿਸ਼ਾਨਾ ਬਣਾ ਦਿਤਾ। ਇਸ ਉਪਰ ਲਿਖੀ ਹਕੀਕਤ ਦਾ ਹਿੰਦੋਸਤਾਨ ਦੇ ਸਭ ਲੋਕਾਂ ਨੂੰ ਪਤਾ ਹੈ ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਅੱਜ ਹਿੰਦੋਸਤਾਨ ਦਾ ਅਮਨ ਆਜ਼ਾਦੀ ਤੇ ਖੁਸ਼ਹਾਲੀ ਫਿਰ ਖਤਰੇ ਵਿਚ ਕਿਉਂ ਪੈ ਗਈ ਹੈ ? ਇਸਦੇ ਕਾਰਨਾਂ ਉਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਇਸ ਸਮੇਂ ਹਿੰਦੂਆਂ ਵਿਚ ਕੱਟੜਵਾਦ ਇਤਨਾ ਵਧ ਗਿਆ ਹੈ ਕਿ ਉਨ੍ਹਾਂ ਨੇ ਇਹ ਪ੍ਰਾਪੇਗੰਡਾ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਮੁਗਲਾਂ ਦੇ ਰਾਜ ਵਿਚ ਜਿਹੜੇ ਮੰਦਰ ਢਾਹ ਕੇ ਉਨ੍ਹਾਂ ਦੀ ਥਾਂ ਮਸਜਦਾਂ ਬਣਾਈਆਂ ਗਈਆਂ ਸਨ ਉਹ ਅਸੀਂ ਸਾਰੇ ਮੁਸਲਮਾਨਾਂ ਪਾਸੋਂ ਖੋਹ ਲੈਣੇ ਹਨ ਤੇ ਜਿਹੜੇ ਉਸ ਸਮੇਂ ਜਬਰੀ ਮੁਸਲਮਾਨ ਬਣਾਏ ਗਏ ਸਨ ਉਨ੍ਹਾਂ ਨੂੰ ਮੁੜ ਹਿੰਦੂ ਬਨਾਉਣਾ ਹੈ ਤੇ ਜਿਹੜੇ ਅੰਗਰੇਜ਼ਾਂ ਦੇ ਰਾਜ ਸਮੇਂ ਈਸਾਈ ਬਣੇ ਸਨ ਉਨ੍ਹਾਂ ਨੂੰ ਵੀ ਫਿਰ ਹਿੰਦੂ ਬਨਾਉਣਾ ਹੈ। ਇਹ ਕੇਵਲ ਪ੍ਰਾਪੇਗੰਡਾ ਹੀ ਨਹੀਂ ਸਗੋਂ ਇਸਤੇ ਅਮਲ ਵੀ ਸ਼ੁਰੂ ਹੋ ਗਿਆ ਹੈ। ਇਸ ਵਧੇ ਹੋਏ ਹਿੰਦੂ ਕੱਟੜਵਾਦ ਦਾ ਅਸਰ ਮੁਸਲਮਾਨਾਂ-ਈਸਾਈਆਂ ਤੇ ਸਿੱਖਾਂ ਉਤੇ ਇਹ ਹੋ ਰਿਹਾ ਹੈ ਕਿ ਉਨ੍ਹਾਂ ਵਿਚ ਵੀ ਫਿਰਕੂ ਕੱਟੜਵਾਦ ਦਿਨੋਂ ਦਿਨ ਵਧ ਰਿਹਾ ਹੈ। ਕੇਵਲ ਪੰਜਾਬ ਤੇ ਕਸ਼ਮੀਰ ਵਿਚ ਹੀ ਬੇਚੈਨੀ ਨਹੀਂ। ਸਗੋਂ ਜਿਥੇ ਮੁਸਲਮਾਨ ਤੇ ਈਸਾਈ ਘੱਟ ਗਿਣਤੀ ਵਿਚ ਹਨ ਉਥੇ ਵੀ ਫਿਰਕੂ ਫਸਾਦ ਭੜਕ ਉਠੇ ਹਨ ਅਤੇ ਜੇ ਭਾਰਤ ਸਰਕਾਰ ਨੇ ਇਸ ਵਧ ਰਹੇ ਫਿਰਕੂ ਕੱਟੜਵਾਦ ਉਤੇ ਕਾਬੂ ਪਾਉਣ ਦੇ ਯਤਨ ਨਾ ਕੀਤੇ ਤਾਂ ਸਾਰੇ ਹਿੰਦੋਸਤਾਨ ਵਿਚ ਘਰੇਲੂ ਜੰਗ ਛਿੜ ਜਾਣ ਦਾ ਖਤਰਾ ਹੈ। ਭਾਰਤ ਵਾਂਗ ਰੂਸ ਤੇ ਅਮਰੀਕਾ ਵਿਚ ਵੀ ਬਹੁਤੀਆਂ ਕੌਮਾਂ ਵਸਦੀਆਂ ਹਨ ਜਿੰਨ੍ਹਾਂ ਦੀਆਂ ਨਸਲਾਂ ਤੇ ਬੋਲੀਆਂ ਵੀ ਵੱਖ ਵੱਖ ਹਨ ਪ੍ਰੰਤੂ ਉਨ੍ਹਾਂ ਦੇਸ਼ਾਂ ਵਿਚ ਕਾਨੂੰਨ ਦੀ ਸਥਿਤੀ ਇਤਨੀ ਮਜ਼ਬੂਤ ਹੈ ਕਿ ਕਿਸੇ ਪ੍ਰਕਾਰ ਦੇ ਨਸਲੀ ਤੇ ਮਜ਼ਹਬੀ ਵਿਤਕਰੇ ਨੂੰ ਇਸ ਹੱਦ ਤੱਕ ਵਧਣ ਨਹੀਂ ਦਿਤਾ ਜਾਂਦਾ ਕਿ ਉਹ ਦੂਜਿਆਂ ਲਈ ਖਤਰਾ ਬਣ ਸਕੇ। ਇਕ ਵਿਚਾਰਨ ਵਾਲੀ ਗੱਲ ਇਹ ਹੈ ਕਿ ਧਰਮ ਨਿਰਪਖਤਾ ਦੇ ਅਸਲੀ ਅਰਥ ਇਹ ਹਨ ਕਿ ਰਾਜ ਸੱਤਾ ਪ੍ਰਾਪਤ ਕਰਨ ਵਾਲੇ ਲੋਕਾਂ ਵਿਚ ਕਿਸੇ ਵੀ ਧਰਮ ਵਿਰੁਧ ਨਫਰਤ ਨਹੀਂ ਹੋਣੀ ਚਾਹੀਦੀ ਤੇ ਉਨ੍ਹਾਂ ਵਲੋਂ ਕੋਈ ਵੀ ਪਖਪਾਤ ਕਰਨ ਵਾਲੀ ਪਾਲਸੀ ਅਖਤਿਆਰ ਨਹੀਂ ਕਰਨੀ ਚਾਹੀਦੀ ਪ੍ਰੰਤੂ ਇਹ ਭਾਰਤ ਦੇ ਮੰਦੇ ਭਾਗਾਂ ਦੀ ਗੱਲ ਹੈ ਕਿ ਹੁਕਮਰਾਨ ਪਾਰਟੀ ਵਿਚ ਵੀ ਕੱਟੜਵਾਦੀ ਲੋਕਾਂ ਦਾ ਪ੍ਰਭਾਵ ਵਧ ਗਿਆ ਹੈ। ਉਹ ਭਾਰਤ ਨੂੰ ਕੇਵਲ ਹਿੰਦੂਆਂ ਦਾ ਦੇਸ਼ ਬਨਾਉਣ ਉਤੇ ਤੁਲ ਗਏ ਹਨ। ਕੱਟੜਵਾਦੀ ਹਿੰਦੂ ਘੱਟ ਗਿਣਤੀਆਂ ਨੂੰ ਇਹ ਧਮਕੀਆਂ ਦੇਣ ਲਗ ਪਏ ਹਨ ਕਿ ਜਾਂ ਤਾਂ ਉਨ੍ਹਾਂ ਘੱਟ ਗਿਣਤੀਆਂ, ਮੁਸਲਮਾਨਾਂ, ਈਸਾਈਆਂ ਤੇ ਸਿੱਖਾਂ ਨੂੰ ਆਪਣਾ ਵਖਰਾ ਧਰਮ, ਬੋਲੀ ਤੇ ਸਭਿਅਤਾ ਦਾ ਤਿਆਗ ਕਰਕੇ ਫਿਰ ਹਿੰਦੂਆਂ ਵਿਚ ਅਭੇਦ ਹੋ ਜਾਣਾ ਚਾਹੀਦਾ ਹੈ। ਨਹੀਂ ਤਾਂ ਉਨ੍ਹਾਂ ਨੂੰ ਆਜ਼ਾਦ ਹਿੰਦੋਸਤਾਨ ਵਿਚ ਅਮਨ ਚੈਨ ਨਾਲ ਰਹਿਣ ਦੇ ਅਧਿਕਾਰ ਨਹੀਂ ਦਿਤੇ ਜਾ ਸਕਦੇ। ਭਾਰਤ ਦਾ ਵਿਧਾਨ ਬਨਾਉਣ ਵਿਚ ਮੁਖ ਭੂਮਕਾ ਡਾ: ਅੰਬੇਦਕਰ ਨੇ ਨਿਭਾਈ ਸੀ ਜਿਸ ਵਿਚ ਧਰਮ ਨਿਰਪੱਖਤਾ ਬਰਾਬਰੀ ਦੇ ਮਨੁੱਖੀ ਅਧਿਕਾਰ, ਧਰਮ ਜਾਤ, ਜਾਂ ਨਸਲ ਦੇ ਆਧਾਰ ਤੇ ਕਿਸੇ ਨਾਲ ਵਿਤਕਰਾ ਨਾ ਕਰਨ ਦੀ ਗਰੰਟੀ ਦਿਤੀ ਗਈ ਸੀ ਪ੍ਰੰਤੂ ਅੱਜ ਭਾਰਤ ਵਿਚ ਉਨ੍ਹਾਂ ਚੰਗੇ ਅਸੂਲਾਂ ਨੂੰ ਛਿਕੇ ਤੇ ਟੰਗ ਦਿਤਾ ਗਿਆ ਹੈ। ਰਾਜ ਪ੍ਰਬੰਧ ਕਰਨ ਦੀ ਥਿਊਰੀ ਭਾਵੇਂ ਕਿੰਨੀ ਚੰਗੀ ਹੋਵੇ ਉਸ ਤੇ ਅਮਲ ਕਰਨ ਵਾਲੇ ਲੋਕਾਂ ਤੇ ਇਹ ਗੱਲ ਨਿਰਭਰ ਕਰਦੀ ਹੈ ਕਿ ਉਹ ਭਾਰਤ ਦੇ ਸਭ ਲੋਕਾਂ ਨੂੰ ਇਨਸਾਫ ਦਿੰਦੇ ਹਨ ਜਾਂ ਨਹੀਂ ? ਜੇ ਉਨ੍ਹਾਂ ਦੀ ਨੀਯਤ ਸਾਫ ਨਾ ਹੋਵੇ ਤਾਂ ਉਹ ਫਿਰਕੂ ਫਸਾਦਾਂ ਦੀ ਜ਼ਿੰਮੇਂਵਾਰੀ ਵੀ ਘੱਟ ਗਿਣਤੀਆਂ ਤੇ ਸੁੱਟੀ ਜਾਂਦੇ ਹਨ ਤੇ ਉਨ੍ਹਾਂ ਨੂੰ ਹਿੰਦੂ ਕੱਟੜਵਾਦੀਆਂ ਦੇ ਹੱਥੋਂ ਮਰਵਾਈ ਵੀ ਜਾਂਦੇ ਹਨ। ਕਿਸੇ ਨਾ ਕਿਸੇ ਬਹਾਨੇ ਘੱਟ ਗਿਣਤੀਆਂ ਉਤੇ ਦੇਸ਼ ਨੂੰ ਟੁਕੜੇ ਕਰਨ ਦਾ ਦੋਸ਼ ਥੱਪਿਆ ਜਾਂਦਾ ਹੈ। ਕੋਈ ਇਸ ਗੱਲ ਉਤੇ ਵਿਚਾਰ ਨਹੀਂ ਕਰਦਾ ਕਿ ਆਤੰਕਵਾਦੀ ਤਾਂ ਉਹ ਲੋਕ ਹਨ ਜਿਹੜੇ ਘੱਟ ਗਿਣਤੀਆਂ ਨੂੰ ਇਹ ਧਮਕੀਆਂ ਦੇ ਰਹੇ ਹਨ ਕਿ ਜਾਂ ਆਪਣੀ ਵਖਰੀ ਪਛਾਣ ਖਤਮ ਕਰ ਦਿਉ ਨਹੀਂ ਤਾਂ ਤੁਹਾਨੂੰ ਆਜ਼ਾਦ ਹਿੰਦੋਸਤਾਨ ਵਿਚ ਰਹਿਣ ਹੀ ਨਹੀਂ ਦਿਤਾ ਜਾਵੇਗਾ। ਇਹੋ ਜਿਹੀਆਂ ਧਮਕੀਆਂ ਤੋਂ ਡਰ ਕੇ ਹੀ ਮੁਸਲਮਾਨਾਂ, ਈਸਾਈਆਂ ਤੇ ਸਿੱਖਾਂ ਦੇ ਮਨਾਂ ਵਿਚ ਇਹ ਡਰ ਪੈਦਾ ਹੋ ਗਿਆ ਹੈ ਕਿ ਉਨ੍ਹਾਂ ਦੀ ਹੋਂਦ ਖਤਰੇ ਵਿਚ ਪੈ ਗਈ ਹੈ। ਹਿੰਦੂਆਂ ਦੇ ਕੱਟੜਵਾਦ ਦਾ ਉਨ੍ਹਾਂ ਉਤੇ ਇਹ ਬੁਰਾ ਪ੍ਰਭਾਵ ਪੈ ਰਿਹਾ ਹੈ ਕਿ ਉਨ੍ਹਾਂ ਵਿਚ ਵੀ ਕੱਟੜਵਾਦ ਦਾ ਜਜ਼ਬਾ ਉਭਰ ਰਿਹਾ ਹੈ। ਜਿਥੇ ਸਾਰੀਆਂ ਕੌਮਾਂ ਨੇ ਮਿਲਕੇ ਭਾਰਤ

ਬਾਕੀ ਪੰਨਾ 12 ਤੇ

ਬੀ. ਸੀ. ਦੇ ਖੇਤ ਮਾਲਕ ਅਤੇ ਖੁਲ੍ਹਾ ਵਿਓਪਾਰ

—ਇਕਬਾਲ ਕਾਹਲੋਂ

ਕੈਨੇਡਾ ਦੇ ਵਿਉਪਾਰੀ ਖੁਲ੍ਹੇ ਵਿਉਪਾਰ ਦੇ ਕਰਨ ਲਈ ਕਾਫੀ ਸਮੇਂ ਤੋਂ ਰੌਲਾ ਪਾ ਰਹੇ ਹਨ, ਖੁਲ੍ਹੇ ਵਿਉਪਾਰ ਦਾ ਭਾਵ ਇਹ ਹੈ ਕਿ ਦੋਨਾਂ ਦੇਸ਼ਾਂ ਅਮਰੀਕਾ ਅਤੇ ਕੈਨੇਡਾ ਵਿਚਕਾਰ ਵਿਉਪਾਰ ਉਤੇ ਕੋਈ ਪਾਬੰਦੀ ਨਾ ਹੋਵੇ ਜਿਸਦਾ ਅਰਥ ਇਹ ਹੋਵੇਗਾ ਕਿ ਸਰਹੱਦ ਸਿਰਫ ਰਾਜਨੀਤਕ ਤੇ ਭੂਗੋਲਿਕ ਸ਼ਬਦਾਂ ਤਕ ਹੀ ਸੀਮਤ ਰਹਿ ਜਾਵੇਗੀ ਆਰਥਕਤਾ ਲਈ ਇਸਦਾ ਕੋਈ ਅਰਥ ਨਹੀਂ।

ਖੁਲ੍ਹਾ ਵਿਉਪਾਰ ਕਰਨ ਨਾਲ ਜਿਥੇ ਕੈਨੇਡਾ ਦੇ ਮਜ਼ਦੂਰਾਂ ਦੀ ਮਜ਼ਦੂਰੀ ਤੇ ਸੱਟ ਪਏਗੀ ਉਸਦੇ ਨਾਲ ਨਾਲ ਹੀ ਛੋਟੇ ਸਨਅਤਕਾਰ ਵੀ ਘਾਟੇ ਦਾ ਮੂੰਹ ਦੇਖਣਗੇ, ਰਹੀ ਗੱਲ ਖੇਤੀਬਾੜੀ ਦੀ ਸਨਅਤ ਦੀ ਇਹ ਤਾਂ ਇਕ ਤਰ੍ਹਾਂ ਨਾਲ ਤਬਾਹ ਹੀ ਹੋ ਜਾਵੇਗੀ। ਇਸਦੀ ਤਬਾਹੀ ਇਸ ਕਰਕੇ ਹੋਵੇਗੀ, ਕਿਉਂਕਿ ਜਦੋਂ ਚੀਜ਼ਾਂ (ਉਪਜ) ਦੇ ਲਿਆਉਣ ਤੇ ਲੈ ਜਾਣ ਉਤੇ ਕੋਈ ਰੋਕ ਨਹੀਂ ਹੋਵੇਗੀ ਤਾਂ ਅਮਰੀਕਾ ਦੀ ਖੇਤੀਬਾੜੀ ਦੀ ਸਨਅਤ ਜੋ ਕਿ ਇਕ ਵਿਕਸਤ ਸਨਅਤ ਹੈ ਆਪਣਾ ਵਾਧੂ ਮਾਲ ਘੱਟ ਕੀਮਤਾਂ ਤੇ ਕੈਨੇਡਾ ਦੀਆਂ ਮੰਡੀਆਂ ਵਿਚ ਲਿਆ ਸੁੱਟੇਗੀ। ਦੂਜੇ ਪਾਸੇ ਕੈਨੇਡਾ ਦੇ ਕਿਸਾਨ ਚਾਹੇ ਉਹ ਸਬਜ਼ੀਆਂ ਫਲਾਂ ਜਾਂ ਹੋਰ ਫਸਲਾਂ ਡੇਰੀਫਾਰਮਿੰਗ ਆਦਿ ਕਰਦੇ ਹਨ ਇਥੇ ਦੇ ਵਾਤਾਵਰਣ ਅਨੁਸਾਰ ਉਪਜਾਈ ਜਾਂਦੀ ਵਸਤੂ ਤੇ ਵੱਧ ਖਰਚ ਕਰਦੇ ਹਨ।

ਕੈਨੇਡਾ ਵਿਚ ਉਪਜ ਦੀ ਵੰਡ ਮਾਰਕੀਟਿੰਗ ਬੋਰਡਾਂ ਰਾਹੀਂ ਹੁੰਦੀ ਹੈ ਜੋਕਿ ਕੀਮਤਾਂ ਵਿਚ ਤੇ ਮਾਲ ਸਪਲਾਈ ਵਿਚ ਤਾਲਮੇਲ ਰਖਦਾ ਹੈ ਇਸ ਤਰ੍ਹਾਂ ਉਪਜ ਦੀਆਂ ਕੀਮਤਾਂ ਜ਼ਰੂਰਤ ਤੋਂ ਵੱਧ ਘਟਣ ਵਧਣ ਤੋਂ ਰੋਕਦਾ ਹੈ। ਜਦੋਂ ਖੁੱਲ੍ਹਾ ਵਪਾਰ ਹੋ ਗਿਆ ਤਾਂ ਮਾਰਕੀਟਿੰਗ ਬੋਰਡ ਦੀ ਕੋਈ ਜ਼ਰੂਰਤ ਨਹੀਂ ਰਹਿਣੀ ਤੇ ਅਮਰੀਕੀ ਮਾਲ ਮੰਡੀ ਵਿਚ ਸਿੱਧਾ ਆਵੇਗਾ ਤੇ ਵਿਕੇਗਾ ਤੇ ਇਸ ਤਰ੍ਹਾਂ ਬੀ ਸੀ ਦਾ ਕਿਸਾਨ ਜੋ ਕਿ ਪਹਿਲਾਂ ਹੀ ਸਾਲ ਵਿਚ ਸਿਰਫ ਤਿੰਨ ਮਹੀਨੇ ਫਸਲਾਂ ਬੀਜਦਾ ਹੈ ਤੇ ਇਸ ਤਰ੍ਹਾਂ ਫਸਲ ਬੀਜਣ ਦਾ ਸਮਾਂ ਘੱਟ ਹੋਣ ਕਰਕੇ ਕਿਸਾਨ ਦੇ ਖਰਚੇ ਵੱਧ ਹਨ ਤੇ ਇਹ ਅਮਰੀਕਾ ਵਿਚਲੇ ਧਨੀ ਕਿਸਾਨਾਂ ਦਾ ਮੁਕਾਬਲਾ ਕਰ ਸਕਣ ਦੇ ਸਮਰਥ ਨਹੀਂ। ਜਦੋਂ ਕਿਸਾਨ ਮੰਡੀ ਵਿਚ ਆਪਣੀ ਫਸਲ ਦਾ ਮੁੱਲ ਪੂਰਾ ਨਹੀਂ ਲੈ ਸਕੇਗਾ ਤਾਂ ਘਾਟੇ ਕਾਰਨ ਉਸਨੂੰ ਖੇਤੀ ਤਿਆਗਣੀ ਪਵੇਗੀ। ਇਸ ਤਰ੍ਹਾਂ ਹੋਣ ਨਾਲ ਅਮਰੀਕਾ ਦੇ ਵੱਡੇ ਫਾਰਮ ਬਿਜਨਿਸ ਬੀ. ਸੀ. ਦੇ ਖੇਤ ਖਰੀਦਣ ਵਿਚ ਸਫਲ ਹੋਣਗੇ ਤੇ ਖੇਤੀ ਛੋਟੇ ਕਿਸਾਨਾਂ ਦੇ ਵੱਸ ਦਾ ਰੋਗ ਨਹੀਂ ਰਹੇਗੀ ਤੇ ਮਜ਼ਬੂਰਨ ਛੋਟੇ ਕਿਸਾਨਾਂ ਨੂੰ ਆਪਣੇ ਖੇਤ ਵੇਚਣੇ ਪੈਣਗੇ।

ਇਥੇ ਹੀ ਬੱਸ ਨਹੀਂ ਕੈਨਰੀਆਂ ਵਿਚ ਕੰਮ ਕਰਨ ਵਾਲੇ ਕਾਮੇਂ ਵੀ ਇਸ ਭੈੜੇ ਹਾਲਾਤ ਦਾ ਸਾਹਮਣਾ ਕਰਨਗੇ ਕਿਉਂਕਿ ਅਮਰੀਕਾ ਵਿਚ ਉਪਜ ਸਾਰਾ ਸਾਲ ਹੁੰਦੀ ਰਹਿੰਦੀ ਹੈ ਤੇ ਤਾਜ਼ੀਆਂ ਸਬਜ਼ੀਆਂ ਫਲ ਫਰੂਟ ਆਦਿ ਉਥੋਂ ਇਥੇ ਪੁਜਦੇ ਰਹਿਣਗੇ, ਜਿਸ ਨਾਲ ਡੱਬਾ ਬੰਦ ਕਰਨ ਦੀ ਲੋੜ ਘੱਟ ਜਾਵੇਗੀ ਤੇ ਜਿਥੇ ਲੋਕਾਂ ਨੂੰ ਤਾਜ਼ੀਆਂ ਚੀਜ਼ਾਂ ਮੰਡੀ ਵਿਚ ਮਿਲਣਗੀਆਂ ਤਾਂ ਉਹ ਕਿਉਂ ਡੱਬਾ ਬੰਦ ਮਾਲ ਖਰੀਦਣਗੇ ਇਸ ਤਰ੍ਹਾਂ ਕੈਨਰੀਆਂ ਡੱਬੇ ਬੰਦ ਬਣਾਉਣ ਵਾਲੀਆਂ ਫੈਕਟਰੀਆਂ ਬੰਦ ਹੋਣਗੀਆਂ।

ਕੈਨੇਡਾ ਅਤੇ ਬੀ. ਸੀ. ਦੀਆਂ ਟੋਰੀ ਅਤੇ ਸੋਕਰਡ ਸਰਕਾਰਾਂ ਜੋ ਸਦਾ ਹੀ ਖੁਲ੍ਹੇ ਵਪਾਰ ਦੇ ਹੱਕ ਵਿਚ ਰਹੀਆਂ ਹਨ ਤੇ ਇਸ ਗੱਲ ਦੇ ਹੱਕ ਵਿਚ ਹਨ ਕਿ ਕੈਨੇਡਾ ਅਮਰੀਕਾ ਵਿਚਕਾਰ ਖੁਲ੍ਹੇ ਵਪਾਰ ਬਾਰੇ ਚਲ ਰਹੀ ਉਚ ਪੱਧਰੀ ਵਾਰਤਾ ਵਿਚ ਖੇਤੀ ਦੀ ਸਨਅਤ ਵੀ ਸ਼ਾਮਿਲ ਹੋਵੇ ਭਾਵ ਇਥੋਂ ਦੀ ਸਨਅਤ ਨੂੰ ਬਚਾਉਣ ਲਈ ਇਹ ਕੋਈ ਉਪਰਾਲਾ ਨਹੀਂ ਕਰਨਾ ਚਾਹੁੰਦੀਆਂ, ਪਰ ਦੂਜੇ ਪਾਸੇ ਅਮਰੀਕੀ ਰਾਜ ਸਰਕਾਰਾਂ ਆਪਣੀ ਸਨਅਤਾਂ ਦੀ ਰਾਖੀ ਲਈ ਅਮਰੀਕਾ ਦੀ ਫੈਡਰਲ ਸਰਕਾਰ ਤੇ ਹਰ ਤਰ੍ਹਾਂ ਦਾ ਦਬਾਅ ਪਾ ਰਹੀਆਂ ਹਨ ਇਸ ਦੀ ਤਾਜ਼ਾ ਮਿਸਾਲ ਸਾਡੇ ਸਾਹਮਣੇ ਹੈ ਬੀ. ਸੀ. ਦੇ ਲੰਬਰ ਤੇ ਲੱਗੀ ਅਮਰੀਕੀ ਚੁੰਗੀ।

ਬੀ. ਸੀ. ਵਿਚ ਖੇਤ ਮਾਲਕਾਂ ਜਾਂ ਉਪਜਕਾਰਾਂ ਦੀਆਂ ਵਖਰੀਆਂ ਵਖਰੀਆਂ ਜਥੇਬੰਦੀਆਂ ਨੇ ਇਸ ਤਰ੍ਹਾਂ ਦੇ ਖੁਲ੍ਹੇ ਵਪਾਰ ਦਾ ਕਾਫੀ ਵਿਰੋਧ ਕੀਤਾ ਹੈ

ਚਿਕਨ ਮਾਰਕੀਟਿੰਗ ਬੋਰਡ ਦੇ ਇਕ ਅਧਿਕਾਰੀ ਅਨੁਸਾਰ "ਜੇ ਉਤਰੀ ਅਮਰੀਕਾ ਵਿਚ ਖੁਲ੍ਹੇ ਵਪਾਰ ਦੇ ਹੱਕ ਵਿਚ ਮੌਜੂਦਾ ਪ੍ਰਬੰਧ ਨੂੰ ਖਤਮ ਕੀਤਾ ਗਿਆ ਤਾਂ ਕੈਨੇਡਾ ਦੇ ਕਈ ਭਾਗਾਂ ਵਿਚ ਚਿਕਨ ਸਨਅਤ ਦਾ ਸਫਾਇਆ ਹੋ ਜਾਵੇਗਾ।"

ਇਸੇ ਤਰ੍ਹਾਂ ਦਾ ਇਕ ਬਿਆਨ ਬੀ. ਸੀ. ਡੇਅਰੀ ਸਨਅਤ ਨੇ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਜੋ ਕਿ ਇਕ ਇਕ ਸਾਰੇ ਕਿਸਾਨਾਂ ਦੀ ਚਾਹੇ ਉਹ ਖੇਤੀ ਪਸ਼ੂ ਪਾਲਕ ਜਾਂ ਫਰੂਟ ਉਗਾਉਣ ਵਾਲੇ ਹਨ ਦੀ ਸਾਂਝੀ ਜਥੇਬੰਦੀ ਹੈ ਨੂੰ ਆਪਣੇ ਡਰ ਦਾ ਇਜ਼ਹਾਰ ਕੀਤਾ।" ਉਹਨਾਂ ਅਨੁਸਾਰ "ਜੇ ਅਸੀਂ ਅਮਰੀਕਾ ਦੀ ਡੇਅਰੀ ਇੰਡਸਟਰੀ ਦੇ ਆਕਾਰ ਨੂੰ ਧਿਆਨ ਵਿਚ ਰਖੀਏ ਤਾਂ ਖੁਲੇ ਵਪਾਰ ਦੀ ਗੱਲ ਤਾਂ ਇਕ ਪਾਸੇ ਪਰ ਜੇ ਅਸੀਂ ਮੌਜੂਦਾ ਬਰਾਮਦੀ ਪਾਬੰਦੀਆਂ ਵਿਚ ਥੋੜੀ ਜਿਹੀ ਵੀ ਢਿਲ ਦੇਈਏ ਤਾਂ ਸਾਡੀ ਡੇਅਰੀ ਸਨਅਤ ਨੂੰ ਕੈਨੇਡਾ ਵਿਚ ਗੰਭੀਰ ਨੁਕਸਾਨ ਪੁੱਜੇਗਾ।"

ਯੂਨਾਈਟਿਡ ਫੂਡ ਐਂਡ ਕਮਰਸ਼ੀਅਲ ਵਰਕਰਜ਼ ਅਨੁਸਾਰ "ਜੇ ਖੁਲ੍ਹੇ ਵਪਾਰ ਦੀ ਗੱਲ ਸਿਰੇ ਚੜ੍ਹ ਗਈ ਤਾਂ ਫਲਾਂ ਤੇ ਸਬਜ਼ੀਆਂ ਨੂੰ ਡੱਬੇ ਬੰਦ ਕਰਨ ਦੀ ਸਨਅਤ ਬੀ. ਸੀ. ਵਿਚੋਂ ਖਤਮ ਹੋ ਜਾਵੇਗੀ। ਤੇ ਹਜ਼ਾਰਾਂ ਲੋਕ ਜੋ ਫੂਡ ਕੈਨਰੀਆਂ ਵਿਚ ਕੰਮ ਕਰਦੇ ਹਨ ਬੇਕਾਰ ਹੋ ਜਾਣਗੇ। ਇਸ ਤਰ੍ਹਾਂ ਕਿਸਾਨ ਜਿਹਨਾਂ ਨੂੰ ਮੰਡੀ ਵਿਚ ਆਪਣੀ ਉਪਜ ਦਾ ਵਾਜਬ ਮੁੱਲ ਨਹੀਂ ਮਿਲੇਗਾ ਤਾਂ ਮਜ਼ਬੂਰ ਹੋਵੇਗਾ ਇਹ ਧੰਦਾ ਤਿਆਗਣ ਲਈ।

ਬੀ. ਸੀ. ਦੀ ਖੇਤੀ ਆਮ ਛੋਟੇ ਕਿਸਾਨਾਂ ਦੀ ਮਾਲਕੀ ਥੱਲੇ ਹੈ ਤੇ ਇਹ ਕਿਸਾਨ ਜੋ ਮੁਖ ਤੌਰ ਤੇ ਆਵਾਸੀ ਹਨ ਆਪਣੀ ਜ਼ਿੰਦਗੀ ਭਰ ਦੀ ਹੱਡ ਭੰਨਵੀਂ ਮੇਹਨਤ ਨੂੰ ਸੰਜੋਕੇ ਦਿਨ ਰਾਤ ਆਪਣੇ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਖੇਤੀ ਵਿਚ ਲਾ ਕੇ ਖੇਤ ਮਾਲਕ ਬਣੇ ਹਨ, ਤੇ ਬਹੁਤੇ ਤਾਂ ਹਾਲੀਂ ਬੈਂਕਾਂ ਦੇ ਕਰਜੇ ਵੀ ਪੂਰੇ ਨਹੀਂ ਕਰ ਸਕਦੇ ਖੇਤੀ ਦੀ ਉਪਜ ਵਿਚੋਂ ਇਹਨਾਂ ਦਾ ਕੀ ਬਣੇਗਾ ਕਿਥੇ ਜਾਣਗੇ ਇਹ ਮੁੜ ਮਜ਼ਦੂਰੀ ਲਈ ਕਾਰਖਾਨੇਦਾਰਾਂ ਦੇ ਬੂਹੇ ਖੜਕਾਉਣਗੇ ਤੇ ਇਸ ਤਰ੍ਹਾਂ ਆਪਣੀਆਂ ਖੁਸ਼ੀ ਤੇ ਸੁਖੀ ਜੀਵਨ ਗੁਜ਼ਾਰਨ ਦੀਆਂ ਆਸਾਂ ਨੂੰ ਟੋਰੀ ਅਤੇ ਬੀ ਸੀ ਦੀ ਸੋਕਰਡ ਸਰਕਾਰ ਦੇ ਪੱਲੇ ਪਾ ਕੇ ਮੁੜ ਮਜ਼ਦੂਰਾਂ ਦੀ ਫੌਜ ਵਿਚ ਸ਼ਾਮਿਲ ਹੋ ਜਾਣਗੇ। ਖੇਤ ਵਿਕਣਗੇ ਵਿਚੋਲੇ ਆਪਣਾ ਕਮਿਸ਼ਨ ਕਮਾਉਣਗੇ ਤੇ ਅਮਰੀਕਾ ਦਾ ਵੱਡਾ ਖੇਤੀ ਉਦਯੋਗ ਜੋ ਵੱਡੇ ਜ਼ਿਮੀਦਾਰਾਂ ਦੀ ਮਾਲਕੀ ਥੱਲੇ ਹੈ ਬੀ. ਸੀ. ਦੇ ਖੇਤਾਂ ਦਾ ਮਾਲਕ ਬਣੇਗਾ।

(ਬਾਕੀ ਪੰਨਾ 16 ਉਤੇ)

ਪੰਨਾ 12 ਦੀ ਬਾਕੀ

ਦੀ ਏਕਤਾ, ਅਖੰਡਤਾ, ਅਮਨ ਤੇ ਆਜ਼ਾਦੀ ਦੀ ਰੱਖਿਆ ਕਰਨ ਲਈ ਇਕ ਮੁਠ ਹੋ ਕੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਹੋਣਾ ਸੀ ਉਥੇ ਉਨ੍ਹਾਂ ਵਿਚ ਇਕ ਦੂਜੇ ਦੇ ਵਿਰੁਧ ਇਤਨੀ ਨਫਰਤ ਪੈਦਾ ਕਰ ਦਿਤੀ ਗਈ ਹੈ, ਉਹ ਇਹ ਕਹਿਣ ਲਗ ਪਏ ਹਨ ਕਿ ਅਸੀਂ ਇਕ ਦੂਜੇ ਨਾਲ ਮਿਲਕੇ ਰਹਿ ਹੀ ਨਹੀਂ ਸਕਦੇ।

ਆਰਥਕ ਪੱਖੋਂ ਹਿੰਦੁਸਤਾਨ ਤਾਂ ਹੀ ਉਨਤੀ ਕਰ ਸਕਦਾ ਹੈ ਜੇ ਸਾਰੇ ਲੋਕਾਂ ਵਿਚ ਏਕਤਾ ਹੋਵੇ। ਅਮਨ ਤੇ ਆਜ਼ਾਦੀ ਦਾ ਆਪੋ ਵਿਚ ਗੂੜ੍ਹਾ ਸਬੰਧ ਹੈ ਜਿਥੇ ਅਮਨ ਨਹੀਂ ਉਥੇ ਖੁਸ਼ਹਾਲੀ ਕਿਵੇਂ ਆ ਸਕਦੀ ਹੈ? ਭਾਰਤ ਦੇ ਉਘੇ ਸਨਅਤੀ ਸ਼ਹਿਰ ਅਹਿਮਦਾਬਾਦ ਅਤੇ ਪੰਜਾਬ ਦੇ ਸ਼ਹਿਰ ਅੰਮ੍ਰਿਤਸਰ, ਬਟਾਲਾ ਤੇ ਲੁਧਿਆਣਾ ਦੀਆਂ ਮਿਸਾਲਾਂ ਸਾਲੇ ਸਾਹਮਣੇ ਹਨ। ਫਿਰਕੂ ਕੱਟੜਵਾਦ ਨੇ ਅੰਮ੍ਰਿਤਸਰ ਦੀ ਹਾਲਾਤ ਲਿਬਨਾਨ ਦੀ ਰਾਜਧਾਨੀ ਬੈਰੂਤ ਵਰਗੀ ਤੇ ਸਾਰੇ ਪੰਜਾਬ ਦੀ ਹਾਲਤ ਲਿਬਨਾਨ ਵਰਗੀ ਬਣਾ ਦਿਤੀ ਹੈ। ਇਸ ਵਿਚ ਕਿਸ ਦਾ ਕਸੂਰ ਵੱਧ ਹੈ ਤੇ ਕਿਸਦਾ ਘੱਟ ਇਸ ਬਹਿਸ ਵਿਚ ਪੈਣ ਦੀ ਥਾਂ ਸੋਚਣਾ ਇਹ ਚਾਹੀਦਾ ਹੈ ਸਿੱਖਾਂ ਤੇ ਹਿੰਦੂਆਂ ਵਿਚ ਇਤਨਾ ਫਿਰਕੂ ਕੱਟੜਵਾਦ ਕਿਵੇਂ ਵਧ ਗਿਆ ਕਿ ਭਾਰਤ ਦਾ ਸਭ ਤੋਂ ਵੱਧ ਖੁਸ਼ਹਾਲ ਸੂਬਾ ਅੱਜ ਬਰਬਾਦ ਹੋ ਰਿਹਾ ਹੈ। ਪੰਜਾਬ ਦੀ ਸਾਰੀ ਇੰਡਸਟਰੀ ਤੇ ਵਪਾਰ ਤਬਾਹ ਹੋ ਰਹੇ ਹਨ। ਪੰਜਾਬ ਦੇ ਕਿਸਾਨ ਦੀ ਪੈਦਾਵਾਰ ਦਾ ਉਸਨੂੰ ਯੋਗ ਮੁਲ ਨਹੀਂ ਮਿਲ ਰਿਹਾ। ਪੰਜਾਬੀ ਕਿਸਾਨਾਂ ਦੇ ਮੁੰਡੇ ਪਹਿਲਾਂ ਨਕਸਲਬਾੜੀਆਂ ਦੇ ਨਾਹਰਿਆਂ ਤੋਂ ਪ੍ਰਭਾਵਤ ਹੋ ਕੇ ਕਿਸੇ ਨਵੇਂ ਇਨਕਲਾਬ ਦੇ ਸੁਪਨੇ ਵੇਖਦੇ ਰਹੇ ਤੇ ਅੱਜ ਉਹ ਵਖਵਾਦੀਆਂ ਦੇ ਝੂਠੇ ਲਾਰਿਆਂ ਤੋਂ ਪ੍ਰਭਾਵਤ ਹੋ ਕੇ ਆਪਣਾ ਖੂਨ ਵਿਅਰਥ ਡੋਲ੍ਹ ਰਹੇ ਹਨ। ਕੁਝ ਵਿਦੇਸ਼ੀ ਤਾਕਤਾਂ ਉਨ੍ਹਾਂ ਨੂੰ ਇਹ ਝਾਸੇ ਦੇ ਰਹੀਆਂ ਹਨ ਕਿ ਉਨ੍ਹਾਂ ਦੀਆਂ ਸਾਰੀਆਂ ਮੁਸੀਬਤਾਂ ਦਾ ਹੱਲ ਖਾਲਿਸਤਾਨ ਹੈ ਤੇ ਇਸ ਤੋਂ ਬਿਨਾਂ ਸਿੱਖ ਧਰਮ ਕਾਇਮ ਹੀ ਨਹੀਂ ਰਹਿ ਸਕਦਾ। ਉਨ੍ਹਾਂ ਵਿਚ ਹਿੰਦੂ ਸਿਖ ਦਾ ਸਵਾਲ ਪੈਦਾ ਕਰਕੇ ਇਕ ਦੂਜੇ ਵਿਰੁਧ ਭੜਕਾਇਆ ਜਾ ਰਿਹਾ ਹੈ। ਪੰਜਾਬ ਵਿਚ ਲੋਕਾਂ ਦੀਆਂ ਵੋਟਾਂ ਨਾਲ ਚੁਣੀ ਸਰਕਾਰ ਨੂੰ ਤੋੜਨ ਤੇ ਸਾਰਾ ਜ਼ੋਰ ਲਾਇਆ ਜਾ ਰਿਹਾ ਹੈ। ਜਿਸਦੇ ਸਿਟੇ ਪੰਜਾਬ ਤੇ ਭਾਰਤ ਦੋਹਾਂ ਲਈ ਬਹੁਤ ਭਿਆਨਕ ਹੋ ਸਕਦੇ ਹਨ।

ਸਾ ਹਿ ਤ ਦ ਰ ਪ ਣ

ਕਹਾਣੀ:

ਮੁਕਦਮਾਂ

—ਅਵਤਾਰ ਸਾਦਿਕ

ਉਸ ਦਿਨ, ਦੇਸੋਂ ਆਏ ਪਤ੍ਰ ਨੂੰ ਪੜ੍ਹਕੇ ਮੈਂ ਸੋਚਾਂ ਵਿਚ ਡੁਬਾ ਰਿਹਾ ਸੀ । ਪਤ੍ਰ ਵਿਚ ਮੈਨੂੰ, ਮੇਰੀ ਵੱਡੀ ਭੈਣ ਨੇ ਲਿਖਿਆ ਸੀ 'ਵੀਰਾ - ਬਾਪੂ - ਮੇਰੇ ਸੁਪਨੇ ਵਿਚ ਆਇਆ ਸੀ - ਉਹ ਕਪੜੇ ਮੰਗਦਾ ਸੀ - ਉਸ ਦੇ ਤੇੜ ਫਟਿਆ ਜਿਹਾ ਕਛਹਿਰਾ ਸੀ - ਉਸ ਨੂੰ ਬਿਣ ਕਪੜਿਓਂ ਵੇਖਕੇ, ਮੈਂ ਤਾਂ ਰੋਣ ਲਗ ਪਈ — ਗਲ ਲਗਕੇ — ਉਹ ਬਹੁਤ ਦੇਰ ਬਾਦ ਬੋਲਿਆ, 'ਮੀਤੋ ਧੀਏ - ਤਾਰੇ ਨੇ ਵੀ ਮੈਨੂੰ ਕੋਈ ਕਪੜਾ ਨਹੀਂ ਭੇਜਿਆ — ਨਿੱਕੇ ਵੀਰ, ਤੂੰ ਜਲਦੀ ਤੋਂ ਜਲਦੀ ਮੈਨੂੰ ਪੈਸੇ ਭੇਜ ਦੇ — ਮੈਂ ਕੁੜਤਾ-ਪਜਾਮਾਂ ਲੈ ਕੇ ਕਿਸੇ ਸਾਧੂ ਸੰਤ ਨੂੰ ਦੇ ਦੇਵਾਂਗੀ ——'

ਉਨ੍ਹਾਂ ਸਾਧੂ-ਸੰਤਾਂ ਜਿਨਾਂ ਨਾਲ ਬਾਪੂ ਨੂੰ ਬੇਹਦ ਨਫਰਤ ਸੀ — ਉਹ ਬਾਪੂ ਜਿਹੜਾ ਹੱਥ-ਪੈਰ ਹੁੰਦਿਆਂ ਮੰਗਣ ਨੂੰ ਜੀਉਂਦਿਆਂ ਜੀ - ਮੌਤ ਬਰਾਬਰ ਸਮਝਦਾ ਸੀ — ਉਹ ਮਰਕੇ ਤੇਰਾਂ ਵਰ੍ਹਿਆ ਬਾਦ - ਕੱਪੜੇ ਨਹੀਂ ਮੰਗ ਸਕਦਾ — ਇਨ੍ਹਾਂ ਹੀ ਸੋਚਾਂ ਵਿਚ - ਕੁਝ ਚਿਰ ਲਈ ਮੈਨੂੰ ਆਪਣੀ ਭੈਣ ਤੇ ਬੇਹਦ ਗੁੱਸਾ ਆਇਆ, ਕਿ ਉਸ ਆਪਣੇ ਵਹਿਮਾਂ ਦੀ ਪੂਰਤੀ ਲਈ ਇਝ ਲਿਖਣ ਦੀ ਜੁਰੱਰ ਕਿਵੇਂ ਕਰ ਲਈ? ਉਸ ਰਾਤ ਮੈਂ ਬਾਪੂ ਵਾਰੇ ਸੋਚਦਾ ਸੌਂ ਨਹੀਂ ਸੀ ਸਕਿਆ । ਉਸ ਮੈਨੂੰ ਜ਼ਿੰਦਗੀ ਵਿਚ ਸਵੈਮਾਣ ਨਾਲ ਜੀਉਣ ਲਈ ਤਕੜਾ ਕੀਤਾ ਸੀ । ਉਸ ਮੇਰੇ ਪਿੰਡੇ ਤੇ ਪਈਆਂ ਗੰਨਿਆਂ ਦੀ ਮਾਰ ਦੀਆਂ ਲਾਸਾਂ ਨੂੰ ਪਲੋਂਦਿਆਂ, ਅਖਾਂ ਵਿਚੋਂ ਹੰਝੂ ਕੇਰਦਿਆਂ ਹਿਕ ਨਾਲ ਲਾਇਆ ਸੀ । ਉਸ ਦੀ ਹਿੱਕ ਦਾ ਸੇਕ ਮੇਰੀ ਪੀੜ ਵਿਚ ਅਜ ਵੀ ਪੀੜ ਪੀੜ ਹੋ ਰਿਹਾ ਸੀ ।

ਉਸ ਦਿਨ, ਸ਼ਾਮ ਢਲ ਚੁਕੀ ਸੀ । ਸੂਰਜ ਪੱਛਮ ਵਿਚ ਡੁਬਦਾ ਸੁਨਹਿਰੀ ਕਿਰਨਾਂ ਛੱਡ ਰਿਹਾ ਸੀ । ਮੈਂ ਆਪਣੇ ਕਮਾਦ ਵਿਚੋਂ ਦੋ ਗੰਨੇ ਭੰਨਕੇ, ਖੂਹ ਦੇ ਚਲ੍ਹੇ ਵਿਚ ਗੰਨੇ ਸੁੱਟ ਕੇ ਸਾਫ ਕਰ ਰਿਹਾ ਸੀ, ਨਾਲੇ ਆਪਣੀ ਹੀ ਮਸਤੀ ਵਿਚ ਹੀਰ ਦੀ ਤਰਜ਼ ਵਿਚ ਸਤਰਾਂ ਗੁਣਗੁਣਾਂਦਿਆਂ ਖੁਲਕੇ ਹੇਕ ਛੱਡੀ ਸੀ — ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ — ਅਜੇ ਮੇਰੇ ਮੂੰਹ ਵਿਚ ਹੀ ਸੀ ਕਿ ਸਰਦਾਰਾਂ ਦੀ ਕੁੱਤੀ ਮੇਰੇ ਸਾਹਮਣੇ ਆਣ ਖਲੋਈ । ਸਾਹਮਣੇ ਖਲੋਤੀ ਕੁੱਤੀ ਵੱਲ ਵੇਖਕੇ ਮੈਨੂੰ ਇਝ ਲਗਾ ਸੀ ਕਿ ਉਸ ਨੂੰ ਮੇਰੀ ਤਰਜ਼ ਪਸੰਦ ਆਈ ਸੀ । ਜਦੋਂ ਮੈ ਚਲ੍ਹੇ ਵਿਚੋਂ ਗੰਨੇ ਕੱਢੇ ਸੀ ਤਾਂ ਕੁੱਤੀ ਮੇਰੇ ਹੱਥ ਡੰਡਾ ਸਮਝਕੇ ਦੌੜ ਗਈ, ਪਰ ਸਰਦਾਰ ਮੇਹਰ ਸਿੰਘ ਠਾਣੇਦਾਰਾਂ ਵਾਂਗ ਬੜੇ ਰੋਹਬ ਨਾਲ ਬੋਲਿਆ, "ਓਏ ! ਗੰਨੇ ਕਿਥੋਂ ਭੰਨੇ ਆ ?"

'ਆਪਣੇ ਕਮਾਦ ਵਿਚੋਂ'

'ਕਿਹੜੇ ਪਿਓ ਦੇ ਕਮਾਦ ਵਿਚੋਂ ?'

ਮੈਂ ਸਾਹਮਣੇ ਲਹਿਲਹਾਉਂਦੇ ਕਮਾਦ ਵਲ ਆਕੜ ਕੇ ਉਂਗਲ ਕੀਤੀ ਸੀ । ਕਮਾਦ ਜਿਸ ਨੂੰ ਅਸੀਂ ਕਈ ਵਾਰ ਬੱਗੁੜੀਆਂ ਨਾਲ ਗੁਡਿਆ ਸੀ । ਪਾਲ-ਪੋਸ ਕੇ ਕੋਠੇ ਕੋਠੇ ਜੇਡਾ ਕੀਤਾ ਸੀ । ਉਸ ਕਮਾਦ ਵੱਲ ਮੇਰੇ ਉਠੇ ਹੱਥ ਤੇ ਸਰਦਾਰ ਨੇ ਮੈਥੋਂ ਖੋਹਕੇ ਗੰਨਾ ਮਾਰਿਆ ਸੀ । ਗੰਨਾ ਟੁਟ ਗਿਆ ਸੀ । ਮੈਂ ਆਕੜ ਪਿਆ ਸੀ । ਉਸ



ਅਵਤਾਰ ਸਾਦਿਕ

ਦੂਜਾ ਗੰਨਾ ਖੋਹਕੇ ਪੰਜ ਸੱਤ ਰੋਹ ਵਿਚ ਆ ਕੇ ਮੇਰੇ ਪਿੰਡੇ ਤੇ ਸੁਟੇ । ਉਸ ਦਾ ਗੰਨਾ ਤਾਂ ਟੁੱਟ ਗਿਆ ਪਰ ਮੈਂ ਅਹਿਲ ਖਲੋਤਾ ਕੁਝ ਸਮਝ ਨਾ ਸਕਿਆ । ਸਰਦਾਰ ਨੇ ਮੈਨੂੰ ਇਕ ਹੋਰ ਦਬਕਾ ਮਾਰਿਆ, "ਦੌੜਦਾ ਕਿ ਨਹੀਂ — ਲਾਵਾਂ ਲੇਲਾਂ (ਕੁੱਤੀ) ਤੇਰੇ ਪਿੱਛੇ ।"

ਮੈਂ ਨਿਮੋਝੂਣਾ ਹੋਇਆ, ਡੁਸਕਦਾ ਘਰ ਪੁਜਿਆ ਤਾਂ ਬਾਪੂ ਕੋਲ ਸਰਦਾਰ ਦੀ ਸ਼ਕਾਇਤ ਲਾਈ, "ਓਹ ਕੌਣ ਹੁੰਦਾ ਮੈਨੂੰ ਕੁਟਣ ਵਾਲਾ — ਆਪਣੇ ਹੀ ਖੇਤ ਵਿਚੋਂ ਭੰਨੇ ਗੰਨਿਆਂ ਬਦਲੇ —'

ਬਾਪੂ ਨੇ ਮੇਰੇ ਪਿੰਡੇ ਦੀਆਂ ਲਾਸਾਂ ਵੱਲ ਵੇਖਕੇ ਹਿਕ ਨਾਲ ਲਾਉਂਦਿਆਂ ਮਸਾਂ ਸ਼ਬਦ ਪੂਰੇ ਕੀਤਾ ਸੀ

'ਪੁਤਰ ਖੇਤ ਆਪਣੇ ਨਹੀਂ — ਸਰਦਾਰਾਂ ਦੇ ਆਂ — ਆਪਾਂ ਅੱਧ ਤੇ ਖੇਤ ਵਾਹੁੰਦੇ ਆਂ ।'

ਅੱਧ ਤੇ ਖੇਤ ਸ਼ਬਦ ਬੋਲਦਿਆਂ, ਉਸ ਗੱਚ ਭਰ ਗਿਆ ਸੀ । ਉਸ ਦੇ ਫੌਲਾਦੀ ਹੱਥ — ਹਮਦਰਦੀ ਨਾਲ ਮੇਰੀ ਢੂਈ ਉਦਾਲੇ ਵਲੇ ਗਏ ਸਨ । ਉਸ ਨੇ ਪਲ ਭਰ ਲਈ ਆਪਣੇ ਹੱਥਾਂ ਵੱਲ ਵੇਖਿਆ । ਹੱਥ, ਜਿਹੜੇ ਸ਼ਾਇਦ ਸਰਦਾਰ ਦਾ ਗਲਾ ਫੜਨ ਲਈ ਉਸ ਦੀਆਂ ਆਪਣੀਆਂ ਅੱਖਾਂ ਸਾਹਵੇਂ ਉਠੇ ਸੀ । ਹੱਥ, ਸੋਚ ਦਾ ਸਾਥ ਨਹੀਂ ਸੀ ਦੇ ਸਕੇ ਤੇ ਸੋਚ, ਉਸ ਦਿਨ ਸਾਰੀ ਰਾਤ ਤਾਰਿਆਂ ਦੀ ਲੋਅ ਵਿਚੋਂ ਜ਼ਿੰਦਗੀ ਦੇ ਮਤਲਬ ਲੱਭਦੀ ਰਹੀ ਸੀ । ਮੈਂ ਵੀ ਸਾਰੀ ਰਾਤ ਬਾਪੂ ਦੀ ਹਿੱਕ ਨਾਲ ਲਗਾ - ਉਸ ਦੀ ਆਪਦੀ ਰੂਹ ਤੇ ਉਭਰ ਰਹੀਆਂ ਲਾਸਾਂ ਦਾ ਅਹਿਸਾਸ ਕਰਦਾ ਰਿਹਾ ਸੀ ।

ਮੈਨੂੰ ਯਾਦ ਹੈ — ਗੰਨਿਆਂ ਦੀ ਮਾਰ । ਦੁਸਹਿਰੇ ਦਾ ਦਿਨ । ਗੰਨੇ ਮੈਂ ਦੁਸਹਿਰੇ ਵਾਲੇ ਦਿਨ ਖੇਤ ਵਿਚੋਂ ਭੰਨੇ ਸੀ, ਸਿਰਫ ਇਹ ਪਰਖਣ ਲਈ, ਕਿ ਮਿਠਾਸ ਕਿੰਨੀ ਕੁ ਪਈ ਸੀ ।

ਉਦੋਂ ਮੈਂ ਤੇਰਾਂ ਕੁ ਵਰ੍ਹਿਆਂ ਦਾ ਸੀ । ਗੰਨਿਆਂ ਦੀ ਮਿਠਾਸ ਪਰਖਣ ਬਦਲੇ ਜ਼ਿੰਦਗੀ ਵਿਚਲੀ ਕੁੜੱਤਣ ਭਾਂਪਣ ਦਾ ਅਹਿਸਾਸ ਪੱਲੇ ਬੰਨਕੇ ਤੁਰ ਪਿਆ । ਬਾਪੂ ਮੇਰੀ ਚੁੱਪ ਤੇ ਸੀਨੇ ਲਗੀ ਗਹਿਰੀ ਸੱਟ ਨੂੰ ਭਾਂਪਕੇ ਇਕ ਦਿਨ ਬੋਲਿਆ ਸੀ, 'ਪੁਤਰਾ - ਮਨ ਵਿਚ ਹੀਣਤਾ ਨਾ ਲਿਆਵੀਂ — ਬਹਾਦਰ ਬਣਕੇ ਜੀਣਾ ਆ — ਆਪਾਂ ਮੇਹਨਤ ਕਰਕੇ — ਆਪਦੀ ਰੋਟੀ ਖਾਂਦੇ ਆਂ — ਮੇਹਨਤ ਦੁਧ ਵਰਗੀ ਸੁੱਚੀ ਆਂ — ਤੂੰ ਕਿਸੇ ਮੰਗਤੇ ਦਾ ਪੁਤਰ ਨਹੀਂ — ਇਕ ਮੇਹਨਤੀ - ਬੇਜ਼ਮੀਨੇ ਕਿਸਾਨ ਦਾ ਪੁਤਰ ਏ - ਇਹ ਖੇਤ ਵੀ ਇਕ ਦਿਨ ਵਾਹੁਣ ਵਾਲਿਆਂ ਦੇ ਹੋਣਗੇ —'

ਉਹ ਇਸ ਸੋਚ ਦਾ ਪੁਜਾਰੀ ਬਣ ਗਿਆ । ਤਾਂ ਸਰਦਾਰਾਂ ਉਸ ਤੋਂ ਜ਼ਮੀਨ ਖੋਹ ਲਈ । ਉਹ ਫਿਰ ਨਾ ਹਾਰਿਆ । ਉਸ ਦੋ ਮੱਝਾਂ ਰੱਖ ਲਈਆਂ ਤੇ ਦੁੱਧ ਸ਼ਹਿਰ ਆਪ ਸਾਇਕਲ ਤੇ ਸੁਟਣ ਲਗ ਪਿਆ ਸੀ । ਪਿੰਡ ਦੇ ਜੱਟ, ਜ਼ਮੀਨਾਂ ਵਾਲੇ ਉਸ ਨੂੰ ਟਿਚਰਾਂ ਕਰਦੇ । ਉਹ ਸਾਇਕਲ ਪਿੱਛੇ ਦੁੱਧ ਦੀ ਬਲਟੋਹੀ ਧਰੀ ਮਾਣ ਨਾਲ ਹਿੱਕ ਤਾਣ ਸਰਦਾਰਾਂ ਦੀ ਕੋਠੀ ਮੋਹਰਿਓ ਦੀ ਲੰਘਦਾ ।

ਜਦੋਂ ਕੋਈ ਸਾਧੂ ਜਾਂ ਸੰਤ ਮੰਗਣ ਆਉਂਦਾ ਉਹ ਉਨ੍ਹਾਂ ਦੀ ਬੜੀ ਬੇਅਦਬੀ ਕਰਦਾ ਹੁੰਦਾ ਸੀ — 'ਵੇਖ ਉਏ ਸੰਤਾਂ ਤੂੰ ਕੱਟੇ ਆਂਗ ਪਲਿਆ ਏਂ ਤੇਰੇ ਕੋਲੇ ਆਪਣੇ ਹਥ-ਪੈਰ ਆ — ਕਿਤੇ ਜਾ ਕੇ ਦਿਹਾੜੀ ਕਰ — ਤੈਨੂੰ ਢਿੱਡ ਤੇ ਹੱਥਾਂ ਦੇ ਰਿਸ਼ਤੇ ਦਾ ਪਤਾ ਲਗੇ —'

ਸਾਧੂ-ਸੰਤ ਕੁੱਤੇ ਖਾਣੀ ਕਰਵਾਕੇ ਦੂਜੇ ਘਰ ਚਲੇ ਜਾਂਦੇ । ਬਾਪੂ ਸਾਧਾਂ-ਸੰਤਾਂ ਨੂੰ ਗਾਲ੍ਹਾਂ ਕੱਢਦਾ, ਕਦੇ ਕਦੇ ਆਪਦੇ ਦੇਸ ਨੂੰ ਕੋਸਣ ਲਗਾ ਪੈਂਦਾ — ਤੇ ਮੈਨੂੰ ਪੁੱਛਦਾ, 'ਤੂੰ ਸਿਆਸਤ ਪੜ੍ਹ ਰਿਹਾ ਏ — ਤਾਰੇ ਪੁਤਰਾ — ਕਦੇ ਇਹ ਕਾਨੂੰਨ ਵੀ ਬਣੂ ਕਿ ਹਰ ਬੰਦੇ ਨੂੰ ਕੰਮ ਕਰਕੇ ਹੀ ਰੋਟੀ ਮਿਲੂ —'

'ਹਾਂ ! ਬਾਪੂ, ਜ਼ਰੂਰ ਬਣੂ'

'ਅੱਛਾ - ਜੇ ਨਾ ਬਣਿਆ ਤਾਂ ਇਨ੍ਹਾਂ ਸਾਧਾਂ ਤੇ ਮੰਗਤਿਆਂ ਦੀ ਸੈਨਾ ਨਹੀਂ ਸਾਂਭੀ ਜਾਣੀ ਦੇਸ ਕੋਲੋਂ । ਹੱਥਾਂ ਦੀ ਮੇਹਨਤ ਬਿਨਾਂ — ਜ਼ਿੰਦਗੀ ਸਮਝ ਨਹੀਂ ਆਉਂਦੀ — ਦੂਜੇ ਦੀ ਮੇਹਨਤ ਸਹਾਰੇ ਜੀਣਾ - ਮੋਹਰਾਂ ਖਾਣ ਬਰਾਬਰ ਆ —'

ਉਸ ਰਾਤ ਮੈਂ ਸੋਚਦਾ ਰਿਹਾ ਕਿ ਮੇਹਨਤ ਤੇ ਕਿਰਤ ਨਾਲ ਇਸ਼ਕ ਕਮਾਉਣ ਵਾਲਾ ਬਾਪੂ - ਕਦੇ ਮੰਗਤੇ ਦਾ ਰੂਪ ਨਹੀਂ ਧਾਰ ਸਕਦਾ ।

ਮੈਂ ਆਪਣੀ ਵੱਡੀ ਭੈਣ ਦੇ ਪਤ੍ਰ ਦੀਆਂ ਸਤਰਾਂ ਦਾ ਕਦੇ ਕੋਈ ਜਵਾਬ ਨਾ ਦਿਤਾ । ਉਹ ਅਕਸਰ ਮੈਨੂੰ ਯਾਦ ਦਵਾਉਂਦੀ ਰਹਿੰਦੀ ।

ਵੱਡੀ ਭੈਣ ਨੂੰ ਮੇਰੇ ਕੋਲ ਵਲਾਇਤ ਵਿਚ ਆਇਆਂ ਚਾਰ ਮਹੀਨੇ ਬੀਤ ਗਏ । ਉਸ ਨੂੰ ਮੇਰੇ ਵਿਚਾਰਾਂ ਦਾ ਕੁਝ ਕੁ ਅਹਿਸਾਸ ਤਾਂ ਹੋਇਆ । ਪਰ ਇਕ ਦਿਨ ਕਹਿਣ ਲਗੀ 'ਤਾਰੇ - ਜੇ ਤੂੰ ਬਾਪੂ ਦੇ ਨਾਂਓ ਦੇ ਕਪੜੇ ਦਾਨ ਕਰ ਵੀ ਦਵੇਂ ਤਾਂ ਤੇਰਾ ਕੀ ਵਿਗੜਦਾ ਆ — ਬਾਪੂ ਵਿਚਾਰਾ ਤਰਲੇ ਕਰਦਾ ਸੀ' - ਨੰਗਾ-ਧੜੰਗਾ --'

ਮੈਂ ਵੱਡੀ ਭੈਣ ਦੀ ਪਿਆਰ ਨਾਲ ਗਲ ਸੁਣੀ ਤੇ ਉਸਨੂੰ ਪੁਛਿਆ, 'ਕੀ ਆਪਾਂ ਬਾਪੂ ਆਖਰੀ ਯਾਤਰਾ ਵੇਲੇ - ਰੱਬ ਕੋਲ ਕੱਪੜੇ ਪਾ ਕੇ ਨਹੀਂ ਸੀ ਭੇਜਿਆ ?'

'ਭੇਜਿਆ ਸੀ' ਵੀਰਾ ।

(ਬਾਕੀ ਪੰਨਾ 15 'ਤੇ)

ਇੰਗਲੈਂਡ ਤੋਂ ਅਵਤਾਰ ਸਾਦਿਕ ਦਾ ਖਤ

ਪਿਆਰੇ ਵੀਰ ਦਰਸ਼ਨ ਗਿੱਲ,

ਲਾਲ ਸਲਾਮ।

'ਕੈਨੇਡਾ ਦਰਪਣ' ਲਈ ਕਹਾਣੀ 'ਮੁਕੱਦਮਾ' ਤੇ ਤਿੰਨ ਅੰਗਰੇਜ਼ੀ ਦੀਆਂ ਕਵਿਤਾਵਾਂ ਭੇਜ ਰਿਹਾ ਹਾਂ - ਉਮੀਦ ਹੈ ਪਾਠਕਾਂ ਤੱਕ ਪੁਜਦੀਆਂ ਕਰੋਗੇ।

ਕੈਨੇਡਾ ਵਿਚ ਬਿਤਾਏ ਚਾਰ ਹਫ਼ਤਿਆਂ ਦੀਆਂ ਮੋਹ ਭਰੀਆਂ ਮਿਲਣੀਆਂ ਨੇ ਸੱਚ-ਮੁਚ ਵਫਾ ਪ੍ਰਤੀ ਜਜ਼ਬਿਆਂ ਦਾ ਸਮੁੰਦਰ ਹੁੰਘਾਲ ਦਿਤਾ ਹੈ। ਵੈਨਕੂਵਰ ਦੀ ਸੁੰਦਰ ਵਾਦੀ ਵਿਚ ਮੈਂ ਗਜ਼ੁਲ ਹਮਜਾਤੋਵ ਦੀਆਂ ਸਤਰਾਂ ਅਕਸਰ ਗੁਣਗੁਣਾਉਂਦਾ ਰਹਿੰਦਾ ਸੀ।

ਅਸੀਂ ਇਸ ਦੁਨੀਆਂ ਲਈ ਹਾਂ ਜੰਗ ਦੇ ਵਿਚ ਜਾ ਰਹੇ
ਜੋ ਲਹੂ ਵਿਚ ਲਥ-ਪੱਥ ਹੋਈ ਬਦੀ ਦੀ ਮਾਰ ਤੇ
ਦੇਵੋ ਕੋਈ ਅਜ ਵਚਨ, ਕੋਈ ਦੁਆ ਜਾਂ ਬਦ ਦੁਆ
ਜੋ ਬਚਾਵੇ ਸਾਡੀ ਦੁਨੀਆਂ ਨੂੰ ਘਿਣਾਉਣੇ ਵਾਰ ਤੋਂ।

ਜਦੋਂ ਸੁੰਦਰ ਵਾਦੀ ਵਿਚ ਫਿਰਕੂ ਜ਼ਹਿਰ ਦੀ ਗੋਲੀ ਨੇ ਬੇਕਸੂਰ ਦਾ ਸੀਨਾ ਠਣਿਆ ਸੀ। ਉਦੋਂ ਵੀ ਗਜ਼ੁਲ ਦੀਆਂ ਸਤਰਾਂ ਦੀਆਂ ਹੇਕਾਂ ਲਾਈਆਂ ਸਨ — ਰੱਬ ਤੇ ਸੁਰਗ ਦੇ ਪੁਜਾਰੀਆਂ ਵਲ :

ਸੁਰਗ ਦੇ ਸੋਹਲੇ ਤਾਂ ਕਦੀ ਨਾ ਮੈਂ ਗਾਵਾਂ
ਮੈਨੂੰ ਇਸ ਸੇਵਾ ਤੋਂ ਬਿਨਾਂ ਹੀ ਰਹਿਣ ਦਿਓ
ਸੁਰਗ ਸਲਾਮਤ ਰਹਿਣ ਤੁਹਾਡੇ ਨਾਵਾਂ ਨੂੰ
ਮੈਨੂੰ ਤਾਂ ਦੋ ਪਿਆਰ-ਸਹਿਕਦੇ ਨੈਣ ਦਿਓ।

ਮਿਤ੍ਰਾ — ਹਨੇਰ ਬਿਰਤੀ ਵਿਚ ਆਪਣਾ "ਦੀਵਾ" ਜਗਦਾ ਰੱਖੀਂ - ਭਾਵੇਂ ਕਿਨੇ ਵੀ ਝੱਖੜ ਕਿਉਂ ਨਾ ਝੁੱਲਣ — ਕੰਮ ਦੇ ਰੁਝੇਵਿਆਂ ਕਾਰਣ ਆਪਣੇ ਦਿਲੀ ਮਿਤ੍ਰਾਂ ਨੂੰ ਪਤ੍ਰ ਨਹੀਂ ਲਿਖ ਸਕਿਆ — ਉਨ੍ਹਾਂ ਨੂੰ ਮੇਰੇ ਵਲੋਂ ਕਹੀਂ —

ਬਸੰਤ ਆਏ ਤਾਂ ਗੀਤ ਗਾਓ
ਸਿਆਲ ਆਏ ਤਾਂ ਕਹਾਣੀ ਸੁਣਾਓ

ਸਭ ਸਾਥੀ - ਮਿਤ੍ਰਾਂ ਦੇ ਮੋਹ ਵਿਚ ਮੋਇਆਂ

ਤੁਹਾਡਾ ਸਾਥੀ
ਅਵਤਾਰ ਸਾਦਿਕ

ਅੱਜ ਕੱਲ੍ਹ ਏਸ ਹਵੇਲੀ ਅੰਦਰ ਭੂਤਨਿਆਂ ਦਾ ਡੇਰਾ ਹੈ
ਨਾ ਕੋਈ ਡਰਦਾ ਦੀਵਾ ਬਾਲੇ ਛਾਇਆ ਸਹਿਮ ਹਨੇਰਾ ਹੈ
ਡੰਗਰ ਇਸ ਦੀ ਫਸਲ ਉਜਾੜਨ ਬੰਦਿਆਂ ਗਲ ਪੰਜਾਲੀ ਹੈ
ਹੁਣ ਕਿਰਾਏ ਦੇ ਲਈ ਖਾਲੀ ਹੈ

(ਪੰਨਾ 14 ਦੀ ਬਾਕੀ)

'ਤਾਂ ਫਿਰ ਜਿਸ ਰੱਬ ਨੇ ਸਾਡਾ ਬਾਪੂ ਨੰਗਾ ਕਰਕੇ ਭੇਜਿਆ — ਸਾਨੂੰ ਉਸ ਵਿਰੁਧ ਮੁਕਦਮਾਂ ਦਾਇਰ ਕਰਨਾ ਚਾਹੀਦਾ, ਭੈਣ ਜੀ'

ਮੇਰੀ ਗੱਲ ਸੁਣਕੇ ਉਹ ਬੋਲੀ, 'ਵੀਰਾ - ਤੇਰੇ ਨਾਲ ਤਾਂ ਰੱਬ ਵੀ ਬਹਿਸ ਨਹੀਂ ਕਰ ਸਕਦਾ।'

ਹਾਂ ਭੂਆ 'ਜਿਸ ਨੇ ਮੇਰੇ ਬਾਬੇ ਦੇ ਕੱਪੜੇ ਲਾਹੇ ਆ'

ਲਵਿੰਦਰ ਦੀ ਗੱਲ ਸੁਣਕੇ ਸਭ ਘਰ ਦੇ ਜੀਅ ਖਿੜ ਖਿੜਾ ਕੇ ਹੱਸੇ। ਭੈਣ ਸਭ ਦੇ ਚੇਹਰਿਆਂ ਵੱਲ ਤੱਕ ਕੇ ਹੈਰਾਨ ਹੋ ਰਹੀ ਸੀ।

ਸਾਨੂੰ ਮਾਫ ਕਰੀਂ

ਅਜਮੇਰ ਰੋਡੇ

ਕਵਿਤਾ, ਸਾਨੂੰ ਮਾਫ ਕਰੀਂ
ਮਿੱਤਰਾਂ ਦੀ ਇਸ ਮਹਿਫਲ ਅੰਦਰ
ਜਦ ਵੀ ਤੇਰੀ ਗੱਲ ਤੁਰੀ
ਹੋਰ ਹੀ ਪਾਸੇ ਭਟਕ ਗਈ।

ਬਹੁਤ ਖੁਸ਼ੀ ਸੀ
ਮਸਾਂ ਮਸਾਂ ਜਿਹੇ
ਲੰਡਨ ਦੀ ਇਕ ਸ਼ਾਮ ਮਿਲੀ ਸੀ
ਜੀ ਆਇਆਂ ਸੀ ਹਰ ਚਿਹਰੇ ਤੇ।

ਜੀ ਕੀਤਾ ਤੇਰੇ ਰੂਪ ਚਿਤਵੀਏ
ਤੇਰੀ ਰੂਹ ਦਾ ਹੀ ਸੰਗ ਕਰੀਏ
ਡੂੰਘੇ ਭੇਤ ਸਮਝੀਏ।

ਪਰ ਜਦ ਵੀ ਤੇਰੀ ਗੱਲ ਤੁਰੇ
ਸੱਤ ਸਮੁੰਦਰ ਟੱਪ ਖੜ੍ਹੇ
ਕਦੇ ਦਿੱਲੀ ਕਦੇ ਅੰਮ੍ਰਿਤਸਰ ਵਿਚ
ਵਾਂਗ ਸ਼ੁਦਾਈਆਂ ਤੁਰੀ ਫਿਰੇ।

ਕਦੇ ਕਬਰ ਨੂੰ ਜਾ ਜਾ ਚੁੰਮੇ
ਕਦੇ ਸਿਵੇਂ ਚੋਂ ਫੁੱਲ ਚੁਗੇ
ਸਾਡੇ ਮੂਹਰੇ ਆਣ ਧਰੇ।


ਕਦੇ ਰਾਖ ਦੀਆਂ ਮੁੱਠਾਂ ਭਰ ਭਰ
ਸਾਡੇ ਜਾਮ 'ਚ ਆਣ ਭਰੇ
ਕਦੇ ਵੈਣ ਦੀਆਂ ਹੂਕਾਂ ਧੁਰੇ
ਕੰਨ ਸਾਡੇ ਵਿਚ ਆਣ ਧਰੇ
ਮੁੜ ਮੁੜ ਖੁਆਰ ਕਰੇ।

ਕਿਸੇ ਨੂੰ ਆਖੇ ਦਿਲ ਦਾ ਬੁਜ਼ਦਿਲ
ਕਿਸੇ ਦੀ ਨੀਤ ਮੱਕਾਰ ਕਹੇ
ਭੱਜੀ ਵੰਗ ਦਾ ਟੋਟਾ ਲੈ ਕੇ
ਅੱਲੇ ਜ਼ਖਮ ਲੰਗਾਰ ਕਰੇ।

ਕੁਝ ਐਸੀ ਹਾਲਤ ਬਣੀ ਰਹੀ
ਉਤੋਂ ਉਤੋਂ ਤੂੰ ਤੂੰ ਮੈਂ ਮੈਂ
ਅੰਦਰੋਂ ਪੀੜਾ ਬਹੁਤ ਸਹੀ
ਕੁਝ ਨਾ ਸਾਡੇ ਵੱਸ ਰਹੀ।

ਕਵਿਤਾ, ਸਾਨੂੰ ਮਾਫ ਕਰੀਂ
ਮਿੱਤਰਾਂ ਦੀ ਇਸ ਮਹਿਫਲ ਅੰਦਰ
ਜਦ ਵੀ ਤੇਰੀ ਗੱਲ ਤੁਰੀ
ਵਾਂਗ ਸ਼ੁਦਾਈਆਂ ਭਟਕ ਗਈ।

(ਲੰਡਨ ਦੇ ਲੇਖਕ ਮਿੱਤਰਾਂ ਨਾਲ ਗੁਜ਼ਾਰੀ ਇਕ ਖੂਬਸੂਰਤ ਸ਼ਾਮ ਦੇ ਨਾਂ। — ਜੁਲਾਈ 86)



ਇਕ ਨਜ਼ਮ

ਮੁਹਿੰਦਰ ਸੁਮਲ ਵੈਨਕੂਵਰ

ਹੱਥੀਂ ਲਾਏ ਰੁੱਖਾਂ ਦਾ ਹੀ ਸਾਇਆ ਹੈ।
ਹਰ ਬੰਦਾ ਫਿਰ ਇਸ ਤੋਂ ਕਿਉਂ ਘਬਰਾਇਆ ਹੈ।
ਕੰਡਿਆਂ ਵਾਲੀ ਵਾੜ ਤੁਸਾਂ ਹੀ ਲਾਈ ਸੀ।
ਫਿਰ ਕਿਉਂ ਆਖੋਂ ਸੂਲਾਂ ਕਹਿਰ ਕਮਾਇਆ ਹੈ।
ਸ਼ਹਿਰ ਦੇ ਅੰਦਰ ਹੋਰ ਕੋਈ ਤਾਂ ਬਰਮੀਂ ਨਹੀਂ।
ਵੋਟਾਂ ਵਾਲੇ ਡੱਬੇ ਜ਼ਹਿਰ ਫੈਲਾਇਆ ਹੈ।
ਹੋਰ ਮੰਦਰ ਦੀ ਰਾਖੀ ਤੁਸਾਂ ਕੀ ਕਰਨੀ
ਮਨ ਦਾ ਮੰਦਰ ਆਪਣਾ ਹੀ ਤੁਸਾਂ ਢਾਇਆ ਹੈ।
ਆਪਣਾ ਨੱਕ ਤਾਂ ਆਪਣੇ ਹੱਥੀਂ ਵੱਢ ਲਿਆ।
ਲੌਂਗ ਵਿਦੇਸ਼ੀ ਸ਼ਰਮੋਂ ਸ਼ਰਮੀਂ ਪਾਇਆ ਹੈ।
ਜਿਸ ਤੋਂ ਹਰ ਦਮ ਖਤਰਾ ਹੋਂਦ ਮਨੁੱਖੀ ਨੂੰ।
ਉਸਨੂੰ ਤਾਏ ਵਰਗਾ ਸਾਕ ਬਣਾਇਆ ਹੈ।
"ਸੂਰਮਿਆਂ" ਦੇ ਹੱਥੋਂ ਵਿਧਵਾ ਹੋਈ ਜੋ
ਉਸ ਮਾਂ ਨੇ ਕੀ ਤੁਹਾਡਾ ਹੱਕ ਦਬਾਇਆ ਹੈ।
ਪੱਥਰ ਦਿਲ ਲਈ ਦੱਸੋ ਕਿਹੜਾ ਗੀਤ ਲਿਖੇ
ਅੱਖਾਂ ਉਪਰ ਪੜਦਾ ਜਿਸਨੇ ਪਾਇਆ ਹੈ।

—ਸੁਰਿੰਦਰ ਗਿੱਲ

'ਭਾਰਤ ਹੈ ਵਾਂਗ ਮੁੰਦਰੀ ਵਿਚ ਨਗ ਪੰਜਾਬ ਦਾ।
ਭਾਰਤ ਹੈ ਜੇ ਸ਼ਰਾਬ ਇਹ ਨਸ਼ਾ ਸ਼ਰਾਬ ਦਾ।'

ਅੱਜ ਕਹਾਂ ਮੋਹਨ ਸਿੰਘ ਨੂੰ ਓ ਰੰਗਲੇ ਕਵੀ!
ਆ ਵੇਖ ਹੋਇਆ ਹਾਲ ਕੀ ਤੇਰੇ ਪੰਜਾਬ ਦਾ।

ਆਪਣੇ ਵੈਰੀ ਬਣੇ, ਕੁਝ ਬਾਹਰਲੇ ਦੋਖੀ ਘਣੇ,
ਪੱਤੀ ਪੱਤੀ ਮਿੱਧਿਆ ਬੂਟਾ ਗੁਲਾਬ ਦਾ।

ਕੁਝ ਹੱਥ ਬਿਦੇਸ਼ੇ ਲਹੂ ਵਿਚ ਹਰ ਰੋਜ਼ ਡੁੱਬਦੇ,
ਲੁੱਟ-ਮਾਰ, ਖੋਹ ਡਾਕੇ ਬਣੇ ਨੇ ਕੰਮ ਸਵਾਬ ਦਾ।

ਪੰਜਾਬੀਓ! ਮਾਂ ਧਰਤ ਦਾ, 'ਪੰਜਾਬ' ਦਾ ਆਦਰ ਕਰੋ,
ਦੇ ਨਾ ਦੇਵਣ ਲੋਕ ਇਸ ਨੂੰ ਨਾਂ 'ਖੂਨਾਬ' ਦਾ।

ਡੀ ਆਰ ਧਵਨ

ਹਰ ਤਰਫ਼ ਹੈ ਕਿਉਂ ਹਨੇਰਾ ਸੋਚੀਏ।
ਦੋਸ਼ ਹੈ ਤੇਰਾ ਜਾਂ ਮੇਰਾ ਸੋਚੀਏ।

ਸ਼ਹਿਰ ਜੰਗਲ ਵਾਂਗ ਕਿਉਂ ਵੀਰਾਨ ਹੈ,
ਪੈ ਗਿਆ ਕੀ ਭੂਤ ਫੇਰਾ ਸੋਚੀਏ।


ਸੱਚ ਲਈ ਜੋ ਸਿਰ ਤਲੀ ਤੇ ਧਰ ਸਕੇ,
ਕਿਸਦਾ ਹੈ ਏਨਾ ਕੁ ਜੇਰਾ ਸੋਚੀਏ।

ਆਉ ਮਿਲਕੇ ਮੌਤ ਨੂੰ ਲਲਕਾਰੀਏ,
ਹੋ ਸਕੇਗਾ ਤਾਂ ਬਸੇਰਾ ਸੋਚੀਏ।

ਖੋਹ ਪਤਾ ਮੰਜ਼ਿਲ ਦਾ ਵੀ ਕੁਝ ਕਰ ਲਵੋ,
ਤੁਰ ਲਿਆ ਆਪਾਂ ਬਥੇਰਾ ਸੋਚੀਏ।

ਗ਼ਮ ਦੀ ਕਾਲੀ ਰਾਤ ਗੁਜ਼ਰੇਗੀ ਕਿਉਂ,
ਦੂਰ ਹੈ ਹਾਲੇ ਸਵੇਰਾ ਸੋਚੀਏ।

ਇਉਂ 'ਧਵਨ' ਦਿਲ ਹਾਰ ਕੇ ਨਾ ਬੈਠੀਏ,
ਪੰਧ ਹੈ ਹਾਲੇ ਲੰਮੇਰਾ ਸੋਚੀਏ।



ਰਿਜ਼ਰਵੇਸ਼ਨ ਪੂਰੀ ਤਰ੍ਹਾਂ ਲਾਗੂ ਕਰਨ ਲਈ ਐਕਟ ਬਣਾਇਆ ਜਾ ਰਿਹੈ — ਪਾਂਧੀ

ਹੁਸ਼ਿਆਰਪੁਰ — ਸ: ਦਲੀਪ ਸਿੰਘ ਪਾਂਧੀ, ਸਮਾਜ ਭਲਾਈ ਮੰਤਰੀ ਪੰਜਾਬ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਨੇ ਪੰਜਾਬ ਸਮਝੌਤਾ ਲਾਗੂ ਕੀਤਾ ਹੁੰਦਾ ਤਾਂ ਨਿਸ਼ਚੇ ਹੀ ਹਾਲਾਤ ਹੁਣ ਤਕ ਕਾਫੀ ਠੀਕ ਹੋ ਚੁਕੇ ਹੋਣੇ ਸਨ। ਇਥੇ ਇਕ ਪਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਜਾਣ ਬੁਝਕੇ ਮਸਲਾ ਲਟਕਾ ਰਹੀ ਹੈ। ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਸਮਝੌਤਾ ਪ੍ਰਧਾਨ ਮੰਤਰੀ ਅਤੇ ਅਕਾਲੀ ਪਾਰਟੀ ਵਿਚਕਾਰ ਹੋਇਆ ਸੀ ਤੇ ਅਕਾਲੀ ਪਾਰਟੀ ਇਸ ਨੂੰ ਲਾਗੂ ਕਰਵਾਉਣ ਲਈ ਯਤਨਸ਼ੀਲ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਾਜ ਵਿਚ ਅਮਨ ਕਾਨੂੰਨ ਬਣਾਈ ਰਖੇਗੀ ਅਤੇ ਅਤਿਵਾਦੀਆਂ ਅਗੇ ਨਹੀਂ ਝੁਕੇਗੀ। ਇਕ ਸੁਆਲ ਦੇ ਜੁਆਬ ਵਿਚ ਸ: ਪਾਂਧੀ ਨੇ ਕਿਹਾ ਕਿ ਸਪੀਕਰ ਦੀ ਚੋਣ ਸਮੇਂ ਅਸੀਂ ਸਿੱਧ ਕਰ ਦਿਤਾ ਸੀ ਕਿ ਸਾਨੂੰ ਅਸੰਬਲੀ ਵਿਚ ਬਹੁਮਤ ਪ੍ਰਾਪਤ ਹੈ। ਉਨ੍ਹਾਂ ਨੂੰ ਪਾਕਿਸਤਾਨ ਨਾਲ ਲਗਦੀ ਸਰਹੱਦ ਨੂੰ ਸੀਲ ਕਰਨ ਤੇ ਜ਼ੋਰ ਦਿਤਾ ਕਿਉਂਕਿ ਉਨ੍ਹਾਂ ਮੁਤਾਬਕ ਬਾਹਰਲੇ ਮੁਲਕਾਂ ਤੋਂ ਬੰਦੇ ਪੰਜਾਬ ਵਿਚ ਆਉਂਦੇ ਹਨ ਤੇ ਅਤਿਵਾਦੀ ਕਾਰਵਾਈਆਂ ਕਰਕੇ ਫਿਰ ਉਥੇ ਪਰਤ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜੇ ਕਿਸੇ ਪੁਲਸ ਕਰਮਚਾਰੀ ਦੇ ਅਤਿਵਾਦੀਆਂ ਨਾਲ ਸਬੰਧ ਸਾਬਿਤ ਹੋਏ ਤਾਂ ਉਸ ਨੂੰ ਛਡਿਆ ਨਹੀਂ ਜਾਵੇਗਾ। ਜਦੋਂ ਉਨ੍ਹਾਂ ਦਾ ਧਿਆਨ ਇੰਕਾ ਆਗੂ ਸ੍ਰੀ ਮੋਹਨ ਲਾਲ ਵਲੋਂ ਪੰਜਾਬ, ਹਿਮਾਚਲ ਤੇ ਹਰਿਆਣਾ ਨੂੰ ਮਿਲਾਕੇ ਮਹਾਂ ਪੰਜਾਬ ਬਨਾਉਣ ਸਬੰਧੀ ਦਿਤੇ ਬਿਆਨ ਵਲ ਦਿਵਾਇਆ ਤਾਂ ਉਨ੍ਹਾਂ ਕਿਹਾ ਕਿ ਅਜਿਹੇ ਬਿਆਨ ਬੜੇ 'ਮੂਰਖਤਾ ਭਰੇ' ਹਨ। ਉਨ੍ਹਾਂ ਵਿਚਾਰ ਪ੍ਰਗਟ ਕੀਤਾ ਕਿ ਛੋਟੇ ਸੂਬੇ ਪ੍ਰਸ਼ਾਸਨਕ ਪ੍ਰਬੰਧ ਲਈ ਬੇਹਤਰ ਹਨ। ਇਕ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਪ੍ਰਧਾਨਗੀ ਅਤੇ ਮੁਖ ਮੰਤਰੀ ਦਾ ਅਹੁਦਾ ਇਕੋ ਵਿਅਕਤੀ ਕੋਲ ਹੋਣ ਦੀ ਕੋਈ ਬੁਰਿਆਈ ਨਹੀਂ। ਉਹਨਾਂ ਦੱਸਿਆ ਕਿ ਦਲ ਦੇ ਆਗੂਆਂ ਵਲੋਂ ਦਿਤੇ ਜਾਂਦੇ ਵੱਖੋ ਵੱਖ ਬਿਆਨਾਂ ਦਾ ਸ: ਬਰਨਾਲਾ ਨੇ ਨੋਟਿਸ ਲਿਆ ਹੈ। ਇਕ ਪ੍ਰਸ਼ਨ ਦੇ ਉਤਰ ਵਿਚ ਸ: ਪਾਂਧੀ ਨੇ ਕਿਹਾ ਕਿ ਸ: ਬਾਦਲ ਵਲੋਂ ਲੋਕਾਂ ਨੂੰ ਪੰਜਾਬ ਦੇ ਮੰਤਰੀਆਂ ਦਾ ਬਾਈਕਾਟ ਕੀਤੇ ਜਾਣ ਦਾ ਸੱਦਾ ਬੇਅਰਥ ਹੈ ਤੇ ਲੋਕਾਂ ਉਤੇ ਇਸ ਦਾ ਕੋਈ ਅਸਰ ਨਹੀਂ। ਆਪਣੇ ਵਿਭਾਗ ਦੇ ਕੰਮਕਾਜ ਬਾਰੇ ਉਹਨਾਂ ਕਿਹਾ ਕਿ ਗਰੀਬ ਲੋਕਾਂ ਨੂੰ ਜਾਰੀ ਕੀਤੇ ਗਏ ਪੀਲੇ ਕਾਰਡ ਕੋਈ ਅਰਥ ਨਹੀਂ ਰਖਦੇ ਕਿਉਂਕਿ ਕੋਈ ਵੀ ਅਜਿਹਾ ਆਦਮੀ ਨਹੀਂ ਜਿਸ ਦੀ ਆਮਦਨ 3600 ਰੁਪੈ ਸਾਲਾਨਾ ਤੋਂ ਘੱਟ ਹੋਵੇ। ਸ: ਪਾਂਧੀ ਨੇ ਦੱਸਿਆ ਕਿ ਰਿਜ਼ਰਵੇਸ਼ਨ ਕੋਟੇ ਨੂੰ ਲਾਜ਼ਮੀ ਅਤੇ ਮੁਕੰਮਲ ਤੌਰ ਤੇ ਲਾਗੂ ਕਰਾਉਣ ਲਈ ਇਕ ਐਕਟ ਬਣਾਇਆ ਜਾ ਰਿਹਾ ਹੈ। ਸ: ਪਾਂਧੀ ਨੇ ਇਥੇ ਇਕ ਆਮ ਜਲਸੇ ਨੂੰ ਵੀ ਸੰਬੋਧਨ ਕੀਤਾ ਜਿਸ ਵਿਚ

ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਸਿੱਖਾਂ ਦੀ ਦੇਸ਼ ਭਗਤੀ ਤੇ ਸ਼ੱਕ ਕਿਉਂ? — ਬਾਦਲ

— ਸਿੱਖਾਂ ਦੀ ਦੇਸ਼ ਭਗਤੀ ਤੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੋ ਸਕਦਾ ਪਰ ਤੁਹਾਡੀ "ਕੁਰਸੀ ਭਗਤੀ" ਨੇ ਜ਼ਰੂਰ ਲੋਕਾਂ ਨੂੰ ਸੋਚਣ ਲਈ ਮਜਬੂਰ ਕੀਤੈ।

- ਖੂਨ ਦਾ ਬਦਲਾ ਖੂਨ ਲਵਾਂਗੇ — ਇਕ ਸੁਰਖੀ

— ਅੱਗੇ ਪਿੱਛੇ ਪੁਲਸੀਏ ਰੱਖਕੇ ?

- ਭੁੱਲਰ ਨੂੰ ਦੇਸ਼ ਨਿਕਾਲੇ ਦਾ ਹੁਕਮ — ਇੰ: ਕ: ਟਾ:

— ਸਾਮਰਾਜੀਆਂ ਦੇ ਹੇਜ ਦਾ ਪਤਾ ਲੱਗ ਗਿਆ ?

- ਦੋ ਸਿੱਖ ਗ੍ਰਿਫਤਾਰ .....

— ਫੇਰ ਅੰਗਰੇਜ਼ੀ ਮੀਡੀਏ ਤੇ ਕਿਉਂ ਦੂਸ਼ਾ ਲਾਉਂਦੇ ਹੋ ?

- ਇਕ ਸ਼ਾਮ .....

— ਮਨਾਉਣ ਲਈ ਮਰਾਸਣ ਦੀ ਅੱਡੀ ਨੂੰ ਸਪੈਸ਼ਲ ਬੇਨਤੀ !

- ਸਹੀ ਸੋਚ, ਸਹੀ ਦਿਸ਼ਾ ਵੱਲ ਮੁੜਨ ਦਾ ਵੇਲਾ ......

- ਭੈਂਸ ਅੱਗੇ ਬੀਨ ਵਜਾਉਣ ਵਾਲੀ ਗੱਲ ਹੈ।

- ਖਾਲਿਸਤਾਨ ਇਨਫਰਮੇਸ਼ਨ ... ਦਫਤਰ — ਇਕ ਸੂਚਨਾ

— ਦਰਿਆਵਾਂ ਵਿਚ ਹੜ੍ਹ ਆਉਣ ਕਾਰਨ ਮੰਡ ਵਿਚੋਂ ਪਾਕਿ: ਵਾਲੇ ਪਾਸੇ ਨਵੀਂ ਥਾਂ ਤੇ

- ਵਾੜ ਖੇਤ ਨੂੰ ਖਾਏ ! — ਇੰ: ਕੈ: ਟਾ:

— ਤਾਰਾਂ ਦੀ ਹੋਣੀ ਐ !

- ਫਿਰਕੂ ਹੋਣ ਦਾ ਦੋਸ਼ — ਇੰ: ਕੈ: ਟਾ:

— ਕਮਾਲ ਹੈ ! ਭਾਈ ਨੇ ਭਾਈ ਪਛਾਣ ਹੀ ਲਿਆ ਆਖਰ !

- ਜ਼ਮਾਨਤ ਰੱਦ .... — ਇੰ: ਕੈ: ਟਾ:

— ਕਹਿ ਦਿਓ ਜੱਜ ਨੇ ਭਾਰਤ ਸਰਕਾਰ ਦੇ ਇਸ਼ਾਰੇ ਤੇ ਕੀਤੀ।

- ਸਿਆਣਪ ਦਾ ਤਕਾਜ਼ਾ ਇਹ ਕਹਿੰਦਾ ਹੈ ..... ਇੰ: ਕੈ: ਟਾ:

— ਬਹੁਤ ਕਮਾ ਲਿਆ ਸੁਰਖੀਆਂ ਲਾ ਲਾ ਕੇ ਹੁਣ ਮੌਕਾ ਦੇਵੋ ਡਾਂਗਧਾਰੀਆਂ ਨੂੰ !

- ਦਹਿਸ਼ਤਪਸੰਦਾਂ ਦਾ ਸਖਤੀ ਨਾਲ ਮੁਕਾਬਲਾ ਕਰੋ — ਬਰਨਾਲਾ

— ਦਹਿਸ਼ਤਪਸੰਦੀ ਨੂੰ ਪੱਠੇ ਪਾਉਣ ਵਾਲੇ ਅਖਬਾਰਾਂ ਨੂੰ ਵੀ ਉਹਨਾਂ ਕੋਈ ਅਪੀਲ ਕੀਤੀ ਹੋਣੀ ਹੈ !

- ਅੰਮ੍ਰਿਤਧਾਰੀ ਸਿੱਖ ਲਈ ਝੂਠ ਬੋਲਣਾ ਕਿਥੇ ਲਿਖਿਆ ਹੋਇਆ ਹੈ? — ਇੰ: ਕੈ: ਟਾ:

— ਤਾਂ ਆਪਾਂ ਹਾਲੀਂ ਛਕਿਆ ਨਹੀਂ ਹੋਣਾ !!!

- ਸਿੰਘਾਂ ਦਾ ਸਹੇ ਮਾਰ ਸ਼ਿਕਾਰ — ਇਕ ਸੁਰਖੀ

— ਵਾਹ ਜੀ ਵਾਹ ! ਸਿੰਘਾਂ ਦੀ ਸਹੇਆਂ ਨਾਲ ਤੁਲਨਾ !

ਗੁਆਂਢੀ ਦੇਸ਼ ਪੰਜਾਬ ਦੀ ਖੁਸ਼ਹਾਲੀ ਸਹਿਣ ਨਹੀਂ ਕਰ ਰਹੇ — ਮਿਨਹਾਸ

ਜਲੰਧਰ — ਸ: ਸੁਰਜੀਤ ਸਿੰਘ ਮਿਨਹਾਸ, ਸਪੀਕਰ ਪੰਜਾਬ ਵਿਧਾਨ ਸਭਾ ਨੇ ਭੋਗਪੁਰ ਅਤੇ ਆਦਮਪੁਰ ਵਿਖੇ ਪੰਚਾਂ, ਸਰਪੰਚਾਂ, ਅਤੇ ਮਾਰਕੀਟ ਕਮੇਟੀਆਂ ਦੇ ਨਾਮਜ਼ਦ ਕੀਤੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿਚ ਅਤਿਵਾਦ ਦੀਆਂ ਘਟਨਾਵਾਂ ਪਿਛੇ ਵਿਦੇਸ਼ੀ ਹੱਥ ਹੈ ਅਤੇ ਕੁਝ ਗੁਆਂਢੀ ਦੇਸ਼ ਪੰਜਾਬ ਦੀ ਖੁਸ਼ਹਾਲੀ ਅਤੇ ਸੰਪਰਦਾਇਕ ਸਦਭਾਵਨਾ ਨੂੰ ਬਰਦਾਸ਼ਤ ਨਹੀਂ ਕਰਦੇ। ਸਪੀਕਰ ਨੇ ਕਿਹਾ ਕਿ ਮੁਕਤਸਰ ਦੇ ਨੇੜੇ ਜੋ ਬੱਸ ਕਾਂਡ ਹੋਇਆ ਹੈ ਉਹ ਪਾਕਿਸਤਾਨ ਬਾਰਡਰ ਤੋਂ ਕੇਵਲ 34 ਕਿਲੋਮੀਟਰ ਦੂਰ ਹੈ। ਇਸ ਤੋਂ ਸਾਫ ਜ਼ਾਹਿਰ ਹੈ ਕਿ ਪੰਜਾਬ ਵਿਚ ਕੁਝ ਵਿਦੇਸ਼ੀ ਤਾਕਤਾਂ ਅਤਿਵਾਦ ਨੂੰ ਸ਼ਹਿਰ ਦੇ ਰਹੀਆਂ ਹਨ। ਸ: ਮਿਨਹਾਸ ਨੇ ਕਿਹਾ ਕਿ ਪਿਛਲੇ ਦੋ ਦਿਨਾਂ ਵਿਚ ਦਿੱਲੀ ਦੇ ਕੁਝ ਹਿੱਸਿਆਂ ਵਿਚ ਹੋਈ ਗੜਬੜ ਮੁਕਤਸਰ ਨੇੜੇ ਇਕ ਹੋਏ ਬੱਸ ਕਾਂਡ ਦਾ ਨਤੀਜਾ ਹੈ। ਇਨ੍ਹਾਂ ਘਟਨਾਵਾਂ ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਲੋਕਾਂ ਨੂੰ ਹਿੰਦੂ-ਸਿੱਖ ਏਕਤਾ ਕਾਇਮ ਰਖਣ ਦੀ ਅਪੀਲ ਕੀਤੀ। ਸ: ਮਿਨਹਾਸ ਨੇ ਕਿਹਾ ਕਿ ਪੰਜਾਬ ਸਰਕਾਰ ਹਮੇਸ਼ਾਂ ਹੀ ਸੂਬੇ ਦੀ ਬੇਹਤਰੀ ਲਈ ਸੋਚਦੀ ਆ ਰਹੀ ਹੈ ਅਤੇ ਅਬੋਹਰ, ਫਾਜ਼ਿਲਕਾ ਦਾ ਸਾਢੇ ਤਿੰਨ ਲੱਖ ਏਕੜ ਹਿੰਦੀ ਬੋਲਦਾ ਰਕਬਾ ਪੰਜਾਬ ਵਿਚ ਰਹਿਣਾ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ।

ਗਜ਼ਲ

ਅਜਮੇਰ ਗਿੱਲ

ਸੁਬ੍ਹਾ ਤੋਂ ਸ਼ਾਮ ਤਕ ਮਘਦੇ ਰਹੇ ਹਾਂ ਸੂਰਜਾਂ ਵਾਂਗੂੰ।
ਮਿਲੀ ਸਾਨੂੰ ਵੀ ਜ਼ਿੰਦਗੀ ਤਾਂ ਮਿਲੀ ਤੂੰ ਊਰਜਾ ਵਾਂਗੂੰ।

ਤਿਰੇ 'ਆਜ਼ਾਦ' ਨਗਰਾਂ ਵਿਚ ਤਿਰੇ 'ਖੁਸ਼ਹਾਲ' ਸ਼ਹਿਰਾਂ ਵਿਚ,
ਅਸੀਂ ਵੀ ਜ਼ਿੰਦਗੀ ਕੱਟੀ ਹੈ ਪਰ ਕੱਟੀ ਸਜ਼ਾ ਵਾਂਗੂੰ।

ਸਰੇ-ਬਾਜ਼ਾਰ ਫੁੱਲ ਖਿੜਦੇ ਨੇ ਪਰ ਬਾਰੂਦ ਦੇ ਮਿੱਤਰ,
ਬਹਾਰਾਂ ਆਉਂਦੀਆਂ ਬਾਗ਼ਾਂ 'ਚ ਨੇ ਐਪਰ ਖ਼ਿਜ਼ਾਂ ਵਾਂਗੂੰ!

ਅਜਿਹੀਆਂ ਡਿੱਗੀਆਂ ਨੇ ਕੀਮਤਾਂ ਫ਼ਸਲਾਂ ਦੀਆਂ ਕਿ ਬੱਸ,
ਹਰੇ ਮੈਦਾਨ ਵੀ ਦਮ ਘੁੱਟਦੇ ਸ਼ਹਿਰੀ ਫ਼ਿਜ਼ਾ ਵਾਂਗੂੰ।

ਪੰਨਾ 13 ਦੀ ਬਾਕੀ

ਇਹ ਸਾਰੀ ਤਬਾਹੀ ਬੀ. ਸੀ. ਦੀ ਸੋਕਰਡ ਸਰਕਾਰ ਅਤੇ ਕੈਨੇਡਾ ਦੀ ਟੋਰੀ ਸਰਕਾਰ ਦੀਆਂ ਗਲਤ ਨੀਤੀਆਂ ਸਦਕਾ ਹੋਵੇਗੀ ਤੇ ਇਸਦਾ ਫਲ ਭੁਗਤਣਗੇ ਛੋਟੇ ਕਿਸਾਨ ਤੇ ਇਸ ਤਰ੍ਹਾਂ ਵੱਡੀ ਮੱਛੀ ਛੋਟੀ ਮੱਛੀ ਨੂੰ ਹੜੱਪ ਕਰੇਗੀ ਪੈਸੇ ਦੀ ਤਾਕਤ ਨਾਲ।

ਸਾਡੀ ਪੰਜਾਬੀ ਕਮਿਊਨਿਟੀ ਦੇ ਬਹੁਤੇ ਕਿਸਾਨ ਜੋ ਛੋਟੇ ਖੇਤ ਮਾਲਕ ਹਨ ਤੇ ਜੋ ਖੇਤੀ ਦੇ ਨਾਲ ਨਾਲ ਕਾਰਖਾਨਿਆਂ ਵਿਚ ਵੀ ਮੁਸ਼ੱਕਤ ਕਰਦੇ ਹਨ ਕਈ ਵਾਰ ਇਹ ਖੇਤ ਮਜ਼ਦੂਰਾਂ ਨਾਲ ਭੈੜਾ ਸਲੂਕ ਕਰਦੇ ਹਨ ਤੇ ਇਹ ਭੁਲ ਜਾਂਦੇ ਹਨ ਕਿ ਉਹ ਵੀ ਮਜ਼ਦੂਰ ਹਨ। ਜੇ ਟੋਰੀ ਸਰਕਾਰ ਦੀਆਂ ਨੀਤੀਆਂ ਸਦਕਾ ਖੁਲ੍ਹੇ ਵਪਾਰ ਦੀ ਗਲ ਸਿਰੇ ਚੜ੍ਹ ਗਈ ਜਿਸ ਦੀ ਨੱਬੇ ਫੀ ਸਦੀ ਇਹ ਉਮੀਦ ਹੈ ਸਿਰੇ ਚੜ੍ਹਨ ਦੀ ਤਾਂ ਇਹਨਾਂ ਨੂੰ ਮੁੜਕੇ ਮਜ਼ਦੂਰਾਂ ਦੀਆਂ ਸਫਾਂ ਵਿਚ ਸ਼ਾਮਿਲ ਹੋਣਾ ਪਵੇਗਾ।

ਜੋ ਮਿਸ਼ਨ ਗੁਰੂ ਨਾਨਕ ਨੇ ਸ਼ੁਰੂ ਕੀਤਾ ਸੀ, ਉਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਰ ਉਤੇ ਪਹੁੰਚਾਇਆ

ਕੀ ਇਹ ਸੱਚ ਹੈ?

—ਮੇਹਰ ਸਿੰਘ ਸੰਧੂ, ਵੈਨਕੂਵਰ—

ਨਹੀਂ, ਅਗਿਆਨਤਾ ਹੈ। ਗੁਰੂ ਨਾਨਕ ਦਾ ਮਿਸ਼ਨ ਸੀ ਉਸ ਸੱਚੇ ਪਰਮਾਤਮਾ ਤੇ ਅੰਤ੍ਰੀਵ ਪ੍ਰੇਮ ਨੂੰ, ਵੱਖ ਵੱਖ ਮਜ਼ਹਬੀ ਸ਼੍ਰੇਣੀਆਂ ਵਿਚ ਵੰਡੀ ਹੋਈ ਸਾਰੀ ਮਨੁੱਖਾ ਜਾਤੀ ਵਿਚ, ਮੁੜ ਉਘਾੜਨਾ, ਫਾਲਤੂ ਭਰਮ ਭੁਲੇਖਿਆਂ ਤੋਂ ਵਿਦਤ ਕਰਕੇ ਅਸਲੀਅਤ ਨੂੰ ਸਾਹਮਣੇ ਲਿਆਉਣਾ।

ਮਜ਼ਹਬ ਤਾਂ ਪਹਿਲਾਂ ਵੀ ਬਥੇਰੇ ਸਨ, ਇਕ ਹੋਰ ਨਵਾਂ ਮਜ਼ਹਬ ਕਾਇਮ ਕਰਕੇ ਜਗਤ ਦਾ ਉਧਾਰ ਕਿਵੇਂ ਹੋ ਸਕਦਾ ਸੀ ?

ਕੇਵਲ ਵਿਚਾਰਧਾਰਾ ਨੂੰ ਸੋਧਨਾ ਸੀ।

ਗੁਰੂ ਨਾਨਕ ਦਾ ਮਿਸ਼ਨ ਹਰ ਪਹਿਲੂ ਤੋਂ ਮੁਕੰਮਲ ਸੀ। ਉਸ ਵਿਚ ਕਿਸੇ ਕਿਸਮ ਦਾ ਵਾਧਾ ਘਾਟਾ ਜਾਂ ਤਰਮੀਮ ਕਰਨ ਦੀ ਲੋੜ ਨਹੀਂ ਸੀ। ਜਗਤ-ਗੁਰੂ ਤੋਂ ਮਗਰੋਂ ਬਾਕੀ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮੇਤ ਸਭ ਨੇ ਪਹਿਲੇ ਪਏ ਪੂਰਨਿਆਂ ਉਤੇ ਹੀ ਲਿਖਾਈ ਕੀਤੀ ਅਤੇ ਉਨ੍ਹਾਂ ਸੇਧਾਂ ਉਤੇ ਹੀ ਚਲੇ। ਉਨ੍ਹਾਂ ਨੇ ਗੁਰੂ ਨਾਨਕ ਦੇ ਮਿਸ਼ਨ ਨੂੰ ਹੋਰ ਦ੍ਰਿੜ੍ਹ ਕਰਵਾਇਆ, ਆਤਮਿਕ ਧਰਮ ਦੇ ਖੇਤਰ ਵਿਚ ਕੋਈ ਨਵੀਂ ਗੱਲ ਨਹੀਂ ਕੀਤੀ। ਇਸਦਾ ਸਬੂਤ ਗੁਰੂ ਨਾਨਕ ਤੋਂ ਮਗਰੋਂ ਆਏ ਗੁਰੂ ਸਾਹਿਬਾਨ ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਤੇ ਦਸਮੇਸ ਜੀ ਰਚਿਤ ਮੰਨੀਆਂ ਪ੍ਰਮੰਨੀਆਂ ਬਾਣੀਆਂ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਕਤ ਦੀ ਮੰਗ ਨੂੰ ਮਹਿਸੂਸ ਕੀਤਾ ਤੇ ਵਧ ਰਹੇ ਜ਼ੁਲਮ ਜ਼ਬਰ ਦੇ ਵਿਰੁਧ ਤਲਵਾਰ ਪਕੜੀ। ਸਿੱਖਾਂ ਵਿਚੋਂ ਜੋ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਣ ਲਈ ਅੱਗੇ ਆਏ, ਉਨ੍ਹਾਂ ਨੂੰ ਸਿੰਘ ਸਜਾ ਕੇ ਖਾਲਸਾ ਪੰਥ ਕਾਇਮ ਕੀਤਾ। ਇਹ ਚੇਤੇ ਰਹੇ ਕਿ ਉਨ੍ਹਾਂ ਨੇ ਗੁਰਸਿੱਖੀ ਦੇ ਖੇਤਰ ਵਿਚ ਕੋਈ ਤਬਦੀਲੀ ਨਾ ਕੀਤੀ ਤੇ ਧਰਮ ਗ੍ਰੰਥ ਵੀ ਉਹ ਹੀ ਰਹਿਣ ਦਿਤਾ।

ਦਸਮੇਸ਼ ਜੀ ਨੇ ਸਾਰੇ ਸਿੱਖਾਂ ਨੂੰ ਸਿੰਘ ਸਜਣ ਲਈ ਹੁਕਮ ਨਹੀਂ ਦਿਤਾ। ਜੇ ਕੋਈ ਹੁਕਮ ਹੁੰਦਾ ਤਾਂ ਭਾਈ ਨੰਦ ਲਾਲ ਜੀ ਭਾਈਆ ਘਨਈਆ ਜੀ ਦਾ ਨਾਮ ਕੁਝ ਹੋਰ ਹੋਣਾ ਸੀ। ਸਿੱਖਾਂ ਵਿਚੋਂ, ਪੰਜ ਪਿਆਰਿਆਂ ਵਾਂਗ, ਜੋ ਆਪਣੀ ਮਰਜ਼ੀ ਨਾਲ ਅੱਗੇ ਆਏ, ਇਨ੍ਹਾਂ ਨੂੰ ਹੀ ਅੰਮ੍ਰਿਤ ਛਕਾ ਕੇ ਸਿੰਘ ਨਾਮ ਦਿਤਾ ਗਿਆ ਤੇ ਉਹ ਖਾਲਸਾ ਪੰਥ ਵਿਚ ਸ਼ਾਮਿਲ ਕਰ ਲਏ ਗਏ। ਜਿੰਨ੍ਹਾਂ ਦੀ ਰੁਚੀ ਤਲਵਾਰ ਪਕੜਨ ਦੀ ਨਹੀਂ ਸੀ ਉਹ ਭਾਈ ਘਨਈਆ ਜੀ ਵਾਂਗ ਗੁਰੂ ਨਾਨਕ ਦੀ ਉਲੀਕੀ ਗੁਰਸਿੱਖੀ ਦੀ ਕਮਾਈ ਵਿਚ ਹੀ ਟਿਕੇ ਰਹੇ।

ਸਿੱਖ ਅਤੇ ਸਿੰਘ ਵਿਚ ਅੰਦਰਲੇ ਧਰਮ ਦਾ ਕੋਈ ਫਰਕ ਨਹੀਂ। ਫਰਕ ਏਨਾ ਹੀ ਹੈ ਕਿ ਸਿੰਘ ਜ਼ੁਲਮ ਤਸ਼ੱਦਦ ਦੇ ਵਿਰੁਧ ਤਲਵਾਰ ਪਕੜਨ ਲਈ ਭੀ ਤਿਆਰ ਹੈ ਅਤੇ ਸਿੱਖ ਗੁਰੂ ਨਾਨਕ ਦੇ ਦੱਸੇ ਨਾਮ ਬਾਣੀ ਦੇ ਅਭਿਆਸ ਨੂੰ ਹੀ ਆਪਣਾ ਧਰਮ ਸਮਝਦਾ ਹੈ।

ਆਪ ਉਪਾਏ ਨਾਨਕਾ ਆਪੇ ਰਖੇ ਵੇਕੁ।
ਮੰਦਾ ਕਿਸ ਨੋ ਆਖੀਐ ਜਾ ਸਭਨਾ ਸਾਹਿਬ ਏਕੁ।

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾਂ ਨਾ ਮਾਰੇ ਘੁਮਿ।
ਅਪਨੜੈ ਘਰਿ ਜਾਈਐ ਪੈਰ ਤਿਨਾਂ ਦੇ ਚੁਮਿ।

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰੱਬ ਮਹਿ।
ਮੰਦਾ ਕਿਸ ਨੂੰ ਆਖੀਐ ਜਾ ਤਿਸ ਬਿਨੁ ਕੋਈ ਨਾਹਿ।

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਹੰਢਾਇ।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।

ਖਲਕ ਖਾਲਕ ਕੀ ਜਾਨ ਕਰ ਖਲਕ ਦੁਖਵੈ ਨਾਹਿ।
ਖਲਕ ਦੁਖੇ ਨੰਦ ਲਾਲ ਜੀ ਖਾਲਕ ਕੋਪੈ ਤਾਹਿ।

ਸਿੰਘਾਂ ਲਈ ਖਾਲਸਾ ਪੰਥ ਵਿਚ ਸ਼ਾਮਿਲ ਹੋਣ ਲਈ (ਫੌਜੀ ਵਰਦੀ) ਕੱਕਾਰ ਤੋਂ ਬਾਕੀ ਰਹਿਤ ਮਰਯਾਦਾ ਜ਼ਰੂਰੀ ਹੈ ਪਰ ਸਿੱਖ ਲਈ ਕੋਈ ਬੰਧਨ ਨਹੀਂ। ਅੰਮ੍ਰਿਤ ਛਕ ਕੇ ਸੈਂਕੜੇ ਹਜ਼ਾਰਾਂ ਸਿੰਘ ਧਰਮ ਦੇ ਜੰਗਾਂ ਵਿਚ ਸ਼ਹੀਦੀਆਂ ਪਾ ਗਏ, ਪਰ ਭਾਈ ਘਨਈਆ ਜੀ ਵਰਗੇ ਕਿਸੇ ਹੋਰ ਵਿਅਕਤੀ ਦਾ ਨਾਂ ਘੱਟ ਹੀ ਸੁਣੀਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰ ਦਿਤੀ ਪਰ ਆਪਣੀ ਨ ਕੀਤੀ ਤੇ ਨਾ ਹੀ ਪਹਿਲੇ ਗੁਰੂ ਸਾਹਿਬਾਨ ਵਾਂਗ "ਨਾਨਕ" ਸ਼ਬਦ ਵਿਚ ਵਰਤਿਆ।

ਕਿਉਂ ?

ਇਸ ਦਾ ਸਹੀ ਕਾਰਨ ਤਾਂ ਗੁਰੂ ਸਾਹਿਬ ਨੂੰ ਹੀ ਪਤਾ ਹੋਵੇਗਾ, ਪਰ ਮੇਰਾ ਕਿਆਸ ਹੈ ਕਿ ਇਸ ਦਾ ਇਕ ਕਾਰਨ ਦਸਮੇਸ਼ ਬਾਣੀ ਵਿਚ ਬੀਰ ਰਸ ਦਾ ਹੋਣਾ ਸੀ। ਇਕ ਪਾਸੇ ਬੀਰ ਰਸ ਹੈ ਤੇ ਦੂਜੇ ਪਾਸੇ ਸਹਿਜ ਅਤੇ ਸ਼ਾਂਤ ਰਸ ਦੀ ਮਹਾਨਤਾ। ਜੇ ਮੇਰਾ ਕਿਆਸ ਠੀਕ ਹੈ ਤਾਂ ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਦਸਮੇਸ਼ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਿਰਮਲ ਬਾਣੀ ਅਤੇ ਇਸ ਵਿਚਲੇ ਆਦਰਸ਼ਾਂ ਨੂੰ ਜਿਉਂ ਦਾ ਤਿਉਂ ਰਹਿਣ ਦੇਣਾ ਚਾਹੁੰਦੇ ਸਨ। ਇਹ ਵੀ ਸਪੱਸ਼ਟ ਤੌਰ ਉਤੇ ਸਮਝ ਲੈਣਾ ਚਾਹੀਦਾ ਹੈ ਕਿ ਖਾਲਸਾ ਪੰਥ ਨੇ ਸਿੱਖ ਧਰਮ ਦੀ ਥਾਂ ਨਹੀਂ ਲਈ ਉਹ ਵਕਤ ਦੀ ਲੋੜ ਨੂੰ ਪੂਰਾ ਕਰਨ ਲਈ ਸੰਤ ਮੱਤ ਅਥਵਾ ਸਿੱਖ ਧਰਮ ਦੀ ਇਕ ਸ਼ਾਖ ਬਣਿਆ।

ਸਿੱਖ ਧਰਮ ਇਸ ਸ਼ਾਖ ਤੋਂ ਬਿਨਾਂ ਵੀ ਜ਼ਾਰੀ ਰਿਹਾ ਤੇ ਹੁਣ ਤੱਕ ਮੌਜੂਦ ਹੈ।

ਸਿੱਖਾਂ ਅਤੇ ਸਿੰਘਾਂ ਦਾ ਧਰਮ-ਗ੍ਰੰਥ ਇਕ ਹੈ, ਹਰ ਸਿੰਘ ਲਈ ਸਿੱਖ ਹੋਣਾ ਜ਼ਰੂਰੀ ਹੈ ਪਰ ਹਰ ਸਿੱਖ ਲਈ ਸਿੰਘ ਸਜਣਾ ਲਾਜ਼ਮੀ ਨਹੀਂ।

ਸੋ ਇਹ ਕਹਿਣਾ ਕਿ ਜੋ ਮਿਸ਼ਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤਾ ਉਸਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਰ ਤੇ ਪੁਚਾਇਆ। ਇਸ ਨੂੰ ਵਿਚਾਰਨ ਦੀ ਲੋੜ ਹੈ। ਇਥੋਂ ਤਕ ਕਹਿਣਾ ਤਾਂ ਠੀਕ ਹੈ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਸਾਰੇ ਗੁਰੂ ਸਾਹਿਬਾਨ ਨੇ ਅਗੇ ਦ੍ਰਿੜ ਕਰਵਾਇਆ। ਸਿਖਰ ਤੇ ਪਹੁੰਚਾਉਣ ਅਤੇ ਦ੍ਰਿੜ੍ਹ ਕਰਵਾਉਣ ਵਿਚ ਫਰਕ ਹੈ। ਸਿਖਰ ਤੇ ਪੁਚਾਉਣਾ ਤਦ ਹੋ ਸਕਦਾ ਹੈ, ਜੇ ਉਸ ਆਸ਼ੇ ਦੀ ਪਹਿਲਾਂ ਤੋਂ ਹੋਂਦ ਹੋਵੇ।

ਸ਼ਿਵਦੇਵ ਸੰਧਾਵਾਲੀਆ

ਇਸ ਘਰ ਅੰਦਰ ਮੁੱਦੌਂ ਲੈ ਕੇ ਹੁਣ ਤਕ ਉਮਰ ਗੁਜ਼ਾਰੀ ਹੈ
ਬੜੇ ਪਿਆਰ ਤੇ ਰੀਝਾਂ ਨਾਲ ਮੈਂ ਇਕ ਇਕ ਚੀਜ਼ ਸੁਆਰੀ ਹੈ
ਪਰ ਕੁਝ ਚਿਰ ਤੋਂ ਕਿਸੇ ਚੰਦਰੇ ਚੁੱਕ ਚੁਆਤੀ ਬਾਲੀ ਹੈ
ਹੁਣ ਕਿਰਾਏ ਦੇ ਲਈ ਖਾਲੀ ਹੈ

ਬੜੀ ਲਗਨ ਸੀ ਕਿਸੇ ਤਰ੍ਹਾਂ ਇਹ ਮੇਰਾ ਆਲ੍ਹਣਾ ਵਸਦਾ ਰਹੇ
ਇਸ ਵਿਚ ਬੈਠਾ ਹਰ ਇਕ ਪੰਛੀ ਨੱਚਦਾ ਗਾਉਂਦਾ ਹਸਦਾ ਰਹੇ
ਕਦੇ ਨਾ ਉਜੜੇ ਇਹ ਫੁਲਵਾੜੀ ਪਾਣੀ ਦੇ ਦੇ ਪਾਲੀ ਹੈ
ਹੁਣ ਕਿਰਾਏ ਦੇ ਲਈ ਖਾਲੀ ਹੈ

ਐਓਂ ਲਗਦੇ ਜਿਓਂ ਇਸ ਦੇ ਅੰਦਰ ਬੰਦਾ ਕੋਈ ਨਹੀਂ ਰਹਿ ਸਕਦਾ
ਸਿੰਗਾਂ ਵਾਲਾ ਡੰਗਰ ਹੀ ਕੋਈ ਪਸ਼ੂਆਂ ਦੇ ਸੰਗ ਖਹਿ ਸਕਦਾ
ਖੁਰਲੀਆਂ ਕੀਤੀ ਚਾਂਦੀ ਵਰਗੀ ਚਿੱਬ ਖੜਿੱਬੀ ਥਾਲੀ ਹੈ
ਹੁਣ ਕਿਰਾਏ ਦੇ ਲਈ ਖਾਲੀ ਹੈ

ਇਸ ਵਿਹੜੇ ਦੇ ਅੰਦਰ ਜਿਹੜਾ ਵੀ ਕੋਈ ਬੰਦਾ ਆ ਕੇ ਵਸੇਗਾ
ਕੰਧਾਂ ਇਸ ਦੀਆਂ ਵੇਖ ਕਾਲੀਆਂ ਰੋਵੇਗਾ ਕਿ ਹਸੇਗਾ ?
ਹਰ ਕੋਈ ਇਸ ਦਾ ਮਾਲਕ ਬਣਿਆ ਹਰ ਕੋਈ ਇਸ ਦਾ ਮਾਲੀ ਹੈ
ਹੁਣ ਕਿਰਾਏ ਦੇ ਲਈ ਖਾਲੀ ਹੈ।

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..
Address...
City..
Province..
Postal code..
PHONE.

One Year	25 dollars
Two Year	45 dollars
Three year	65 dollars
Life membership.........	300 dollars
ASIA.........................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

ਰਾਜਸਥਾਨ ਵਿਚ ਵੀ ਚੌਕਸੀ

ਜੇਪੁਰ — ਦਿੱਲੀ ਅਤੇ ਪੰਜਾਬ ਵਿਚ ਹਿਸਕ ਵਾਰਦਾਤਾਂ ਨੂੰ ਮੁੱਖ ਰੱਖਦਿਆਂ ਜੇਪੁਰ ਵਿਚ ਸੁਰੱਖਿਆ ਪ੍ਰਬੰਧ ਮਜ਼ਬੂਤ ਕਰ ਦਿਤੇ ਗਏ ਹਨ ਅਤੇ ਪੁਲਸ ਦੀ ਗਸ਼ਤ ਤੇਜ਼ ਕਰ ਦਿੱਤੀ ਗਈ ਹੈ। ਪੁਲਸ ਮੁਖੀਆਂ ਨੂੰ ਕਿਹਾ ਗਿਆ ਹੈ ਕਿ ਉਹ ਭਰਤਪੁਰ, ਅਲਪਰ, ਸ੍ਰੀ ਗੰਗਾਨਗਰ, ਬੂੰਦੀ ਅਤੇ ਹਨੂੰਮਾਨਗੜ੍ਹ ਖੇਤਰਾਂ ਵਿਚ ਘੱਟ-ਗਿਣਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ।



ਬੀਤੇ ਦਿਨੀਂ ਮਾਸਕੋ ਵਿਚ ਖਤਮ ਹੋਈਆਂ ਸਦਭਾਵਨਾ ਖੇਡਾਂ ਵਿਚ ਸਰਗੇਈ ਬੁਬਕਾ ਨੇ 6.01 ਮੀਟਰ ਜੰਪ ਲਾ ਕੇ ਵਿਸ਼ਵ ਰਿਕਾਰਡ ਕਾਇਮ ਕਰਨ ਦਾ ਆਪਣਾ ਵਾਅਦਾ ਪੂਰਾ ਕੀਤਾ। ਫੋਟੋ ਵਿਚ ਬੁਬਕਾ ਐਕਸ਼ਨ ਵਿਚ ਦਿਖਾਈ ਦੇ ਰਿਹਾ ਹੈ।

ਵਿਅੰਗ

ਇਹ ਵੀ ਤਾਂ ਅਤਿਵਾਦੀ ਨੇ

— ਕੇ. ਐਲ. ਗਰਗ

ਅੱਜ ਕੱਲ੍ਹ ਵਕਤ ਨੂੰ ਅੱਗ ਲੱਗੀ ਹੋਈ ਏ। ਅਖਬਾਰਾਂ, ਰਿਸਾਲਿਆਂ 'ਚੋਂ ਧੂੰਆਂ ਨਿਕਲ ਰਿਹਾ ਹੈ। ਸੁਰਖੀ 'ਤੇ ਸੁਰਖੀ ਜਮਦੀ ਏ :

ਦੋ ਅਣਪਛਾਤੇ ਬੰਦਿਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਪੰਜ ਰਾਹਗੀਰ ਮਾਰ ਦਿੱਤੇ। ਛੇ ਜਣੇ ਫੱਟੜ ਹੋ ਗਏ। ਨੌਜਵਾਨ ਪੈਦਲ ਆਏ ਤੇ ਪੈਦਲ ਹੀ ਚਲੇ ਗਏ ਜਾਂ ਨੌਜਵਾਨ ਜੀਪ, ਮੋਟਰਸਾਈਕਲ ਜਾਂ... ਤੇ ਸਵਾਰ ਸਨ। ਮਰਨ ਵਾਲਿਆਂ ਵਿਚ ਇਕ ਯੂ. ਪੀ. ਦਾ ਭਈਆ, ਇਕ ਸੱਤ ਭੈਣਾਂ ਦਾ ਭਰਾ ਤੇ ਇਕ ਸਿੱਖ ਰੇੜ੍ਹੀ ਵਾਲਾ ਸੀ ... ਪੁਲੀਸ ਨੇ ਇਲਾਕੇ ਦੀ ਘੇਰਾਬੰਦੀ ਕਰ ਲਈ ਹੈ ਪਰ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ।

'ਇਕ ਪਿੰਡ ਲਾਗੇ ਇਕ ਪਟਰੌਲ ਪੰਪ ਲੁੱਟ ਲਿਆ। ਲੁਟੇਰੇ ਸਤ੍ਹਾਰਾਂ ਸੌ ਦੀ ਨਕਦੀ ਲੁੱਟ ਕੇ ਲੈ ਗਏ।'

'ਇਕ ਮਾਸਟਰ ਦਾ ਸਕੂਟਰ ਖੋਹ ਲਿਆ ... ਇਕ ਮਾਸਟਰਨੀ ਦੀਆਂ ਬਾਲੀਆਂ ਲਾਹ ਲਈਆਂ ... ।'

ਖਬਰਾਂ ਪੜ੍ਹ ਕੇ ਜਣਾ ਖਣਾ ਚੀਕਦਾ ਹੈ :

"ਸਰਕਾਰ ਤੇ ਰਹੀ ਨੀ ਜੀ ਕੋਈ .... ਹੁਣ ਬਣੂੰ ਕੀ ... ? ਸੈਂਟਰ ਕੀ ਦੇਖੀ ਜਾਂਦੇ ਬੈਠਾ। ਨਾਲੇ ਭਾਈ ਸੈਂਟਰ ਨੂੰ ਕੀ ਜੀਹਦੇ ਘਰ ਲੱਗੀ ਐ ਉਹੀ ਜਾਣੇ। ਰਾਸ਼ਟਰਪਤੀ ਰਾਜ ਲਾਗੂ ਕਰ ਕੇ ਪਾਸੇ ਕਰਨ ...। ਜੰਗਲ ਦਾ ਰਾਜ ਐ ਜੀ ...

ਜਨਤਾ ਬੇਚੈਨੀ 'ਚ ਦਿਨ ਕੱਟਦੀ ਹੈ। ਇਹ ਸਮਾਜ ਦਾ ਇਕ ਹਿੱਸਾ ਹੈ। ਸਾਰਾ ਸਮਾਜਕ ਵਤੀਰਾ ਮੇਰੇ ਸਾਹਮਣੇ ਹੈ। ਕੁਝ ਹੋਰ ਗੱਲਾਂ ਦੀ ਪੁਣਛਾਣ ਜ਼ਰੂਰੀ ਹੈ :

ਤੁਸੀਂ ਅਖਬਾਰਾਂ 'ਚ ਹਰ ਰੋਜ਼ 'ਮੁੰਡਾ ਹੋਵੇ ਜਾਂ ਕੁੜੀ' 'ਸੌ ਪ੍ਰਤੀਸ਼ਤ ਸਹੀ ਟੈਸਟ' ਦੇ ਇਸ਼ਤਿਹਾਰ ਪੜ੍ਹਦੇ ਹੋ। ਇਹੋ ਜਿਹੇ ਸਮਿਆਂ 'ਚ ਮੁੰਡਾ ਕੌਣ ਨਹੀਂ ਜੰਮਣਾ ਚਾਹੁੰਦਾ ਤੇ ਕੁੜੀ ਵਿਚਾਰੀ ਦੀ ਮੰਗ ਕਿਹੜਾ ਅਕਲਮੰਦ ਕਰਦਾ ਹੈ। ਟੈਸਟ ਚਾਰ ਪੰਜ ਮਹੀਨੇ ਦੇ ਗਰਭ ਤੀ ਬਾਅਦ ਹੁੰਦਾ ਹੈ। ਟੈਸਟ ਹੁੰਦੇ ਹਨ। ਜੇ ਮੁੰਡਾ ਹੈ ਤਾਂ ਠੀਕ ਹੈ ਜੇ ਟੈਸਟ 'ਚ ਕੁੜੀ ਆ ਗਈ ਤਾਂ ਸਾਰੇ ਟੱਬਰ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ ਤੇ ਕੁੜੀ ਦੀ ਸ਼ਾਮਤ ਆ ਜਾਂਦੀ ਹੈ। ਪੰਜਾਂ ਮਹੀਨਿਆਂ ਦੀ ਕੁੜੀ ਜ਼ਾਇਆ ਕਰੋ। ਭਾਵੇਂ ਇਸ ਨਾਲ ਮਾਂ ਵੀ ਚਲਦੀ ਬਣੇ। ਬੱਸ ਕੁੜੀ ਨੀ ਜੰਮਣੀ ਚਾਹੀਦੀ। ਲੋਕ ਹਸਪਤਾਲਾਂ 'ਚ ਹਜ਼ਾਰਾਂ ਕੁੜੀਆਂ ਜ਼ਾਇਆ ਕਰੀ ਜਾ ਰਹੇ ਹਨ ਇਨ੍ਹਾਂ ਧੀਆਂ ਧਿਆਣੀਆਂ ਦੀ ਰੱਖਿਆ ਕੌਣ ਕਰੇਗਾ ? ਕੋਈ ਸਰਕਾਰ, ਕੋਈ ਕਮਿਸ਼ਨ, ਕੋਈ ਪੁਲੀਸ, ਕੋਈ ਕਾਨੂੰਨ ਕੋਈ ਤਾਂ ਬਚਾਏ ....।

ਬਖਤੌਰੀ ਹੁਰਾਂ ਸੁੱਚਾ ਸਿਹੁੰ ਹੁਰਾਂ ਨਾਲ ਰਲ ਕੇ ਸ਼ਰਾਬ ਦੇ ਠੇਕੇ ਲਏ ਨੇ। ਅੜਫਸ 'ਚ ਬੋਲੀ ਮਹਿੰਗੀ ਦੇ ਬੈਠੇ। ਪਰ ਇਹ ਵੀ ਪੁਰਾਣੇ ਘਾਗ ਨੇ। ਸੱਪ ਦੀ ਸਿਰੀ 'ਚੋਂ ਪੈਸਾ ਕੱਢਣਾ ਜਾਣਦੇ ਨੇ। ਕੋਈ ਨਾ ਕੋਈ ਹੀਲਾ, ਕੋਈ ਨਾ ਕੋਈ ਵਿਉਂਤ ਬਣਾ ਹੀ ਲੈਂਦੇ ਨੇ। ਸਪਿਰਟ 'ਚ ਨਸ਼ੇ ਦੀਆਂ ਗੋਲੀਆਂ ਘੋਲ ਘੋਲ ਕੇ ਪਿਆਲ ਰਹੇ ਹਨ। ਦਾਰੂ ਹੁੰਦੀ ਐ ਪਰ ਕੁੰਢੇਦਾਰ। ਇਕ ਪੈਗ ਨਾਲ ਈ ਵੱਡੇ ਵੱਡੇ ਪਿਆਕ ਰੁੜ੍ਹਦੇ ਫਿਰਦੇ ਐ ਨਾਲੀਆਂ 'ਚ। ਪੀਣ ਵਾਲਿਆਂ ਦੀਆਂ ਕਈ ਵਾਰੀ ਮੌਤਾਂ ਵੀ ਹੁੰਦੀਆਂ ਨੇ। ਵੀਹ ਪੰਜਾਹ ਬੰਦਿਆਂ ਦੀ ਟਿਕਟ ਕੱਟ ਜਾਣੀ। ਬੋਲੋ ਰਾਮ ਹੋ ਜਾਣੀ ਮਾਮੂਲੀ ਗੱਲ ਹੈ। ਕੋਈ ਨਾ ਬਥੇਰੀ ਆਬਾਦੀ ਐ ਕੁਸ਼ ਨੀ ਵਿਗੜਦਾ ਦੇਸ਼ ਦਾ। ਮੁਨਾਫਾ ਚਾਹੀਦੈ ਸੁਖ ਨਾਲ। ਨਾਲੇ ਠੇਕਾ ਹੋਇਆ ਕਿ ਮੌਤ ਦਾ ਲਾਇਸੈਂਸ ਇਕੋ ਗੱਲ ਤਾਂ ਹੈ।

ਡਾ. ਪਿਆਰੇ ਲਾਲ ਕੋਲ ਡਾਕਟਰੀ ਡਿਗਰੀ, ਡਿਪਲੋਮਾ ਜਾਂ ਲਾਇਸੈਂਸ ਨਹੀਂ ਹੈ। ਨਾ ਹੀ ਉਹ ਕਿਸੇ ਮਰੀਜ਼ ਨੂੰ ਦਵਾਈ ਦਿੰਦਾ ਹੀ ਹੈ। ਉਹ ਤਾਂ ਬੱਸ ਖਾਸ ਬੰਦਿਆਂ ਨੂੰ ਅਜਿਹੀ ਗੋਲੀ ਖੁਆਉਂਦਾ ਹੈ ਕਿ ਦਿਨ 'ਚ ਹੀ ਤਾਰੇ ਦਿਸਣ ਲਗ ਪੈਂਦੇ ਹਨ। ਖੁੱਸੇ ਕੱਪੜਿਆਂ ਤੇ ਖੁੱਥੇ ਚਿਹਰਿਆਂ ਵਾਲੇ ਲੋਕ ਇਹ ਗੋਲੀਆਂ ਬੜੇ ਈ ਸ਼ੌਕ ਨਾਲ ਖਾਂਦੇ ਹਨ ਤੇ ਦਿਨ ਰਾਤੀਂ ਕੰਧਾਂ 'ਚ ਵੱਜਦੇ ਘੁੰਮਦੇ ਹਨ। ਧਨੀ ਰਾਮ ਚਾਤ੍ਰਿਕ ਤੇ ਪ੍ਰੋ: ਮੋਹਨ ਸਿੰਘ ਦੇ ਪਿੰਡਾਂ 'ਚ ਹੁਣ ਭੰਗੜੇ ਨਹੀਂ ਪੈਂਦੇ। ਹੇਕਾਂ ਨਹੀਂ ਲਗਦੀਆਂ, ਤ੍ਰਿੰਝਣ ਨਹੀਂ ਲਗਦੇ ਹਿੰਗੋਂ ਘਰਾਂ ਤੇ ਨੇਰੀਆਂ ਅੰਨ੍ਹੀਆਂ ਗਲੀਆਂ 'ਚੋਂ ਇਹੋ ਜਿਹੇ ਬੰਦਿਆਂ ਦੇ ਪਰਿਵਾਰਾਂ ਦੀਆਂ ਕੂਕਾਂ ਸੁਣਾਈ ਦਿੰਦੀਆਂ ਹਨ। ਦੇਸ਼ ਦੀ ਸਿਹਤ ਡਿਗ ਰਹੀ ਹੈ। ਮੌਤ ਦਰ ਵਧ ਰਹੀ ਹੈ। ਗੱਭਰੂ ਦੇਹਾਂ ਨੂੰ ਘੁਣ ਲਗ ਰਿਹਾ ਹੈ। ਪਰ ਡਾ. ਪਿਆਰੇ ਲਾਲ ਨੂੰ ਕੀ ? ਉਸ ਕੋਲ ਤਾਂ ਕਾਰ ਹੈ, ਫਰਿੱਜ ਹੈ, ਰੰਗਦਾਰ ਟੀ. ਵੀ. ਹੈ, ਕੋਠੀ ਹੈ। ਸ਼ਾਹੀ ਠਾਠ ਬਾਠ ਹੈ। ਵੱਡੇ ਵੱਡੇ ਲੋਕਾਂ ਨਾਲ ਉਠਣਾ ਬੈਠਣਾ ਹੈ। ਦੇਸ਼ ਜਾਏ ਢੱਠੇ ਖੂਹ 'ਚ। ਸਾਡੀ ਦਾਂ ਗਾਹਕੀ ਦਿਨੋਂ ਦਿਨ ਵਧਣੀ ਚਾਹੀਦੀ ਹੈ। ਇਸ ਅਤਿਵਾਦੀ ਨੂੰ ਕੌਣ ਫੜੇਗਾ। ਕਿਹੜਾ ਕਾਨੂੰਨ, ਕਿਹੜੀ ਸਰਕਾਰ ?

ਵੀਹਵੀਂ ਸਦੀ ਸਾਇੰਸ ਦਾ ਨਹੀਂ ਮਿਲਾਵਟ ਦਾ ਯੁੱਗ ਹੈ। ਨਕਲੀ ਚੀਜ਼ਾਂ ਵਸਤਾਂ ਦੀ ਦੁਨੀਆਂ ਹੈ। ਮਹਿੰਗੀ 'ਚ ਸਸਤੀ ਚੀਜ਼ ਮਿਲਾਓ, ਨਾਮਾ ਕਮਾਓ ਤੇ ਗੱਫੇ ਲਾਓ। ਮਸਾਲੇ 'ਚ ਲਿੱਦ, ਮਿਰਚਾਂ 'ਚ ਗੇਰੂ, ਚੌਲਾਂ 'ਚ ਸਸਤੇ ਰੋੜ, ਤੇਲ 'ਚ ਗਰੀਸ ਤੇ ਸੁਆਹ ਤੇ ਖੇਹ। ਛਾਪੇ ਮਾਰਨ ਵਾਲਾ ਸਰਕਾਰ ਤੇ ਦਰਬਾਰ ਸਭ ਆਪਣਾ—ਮਹੀਨਾ ਬੰਨ੍ਹੋ ਜੋ ਮਰਜ਼ੀ ਐ ਮਿਲਾਓ ਆਪ ਵੀ ਖਾਓ ਤੇ ਸਾਨੂੰ ਵੀ ਖਿਲਾਓ। ਮਾਵਾਂ ਚਿੰਤਾ ਕਰਦੀਆਂ ਨੇ ਕਿ ਇੰਨਾ ਕੁਝ ਖੁਆਉਣ ਦੇ ਬਾਵਜੂਦ ਨਿਆਣਿਆਂ ਦੀ ਸਿਹਤ ਨਹੀਂ ਬਣਦੀ। ਪਤਨੀਆਂ ਆਪਣੇ ਪਤੀਆਂ ਦੇ ਮੁਰਝਾਏ ਚਿਹਰੇ ਤੋਂ ਪਰੇਸ਼ਾਨ ਨੇ। ਦੇਸ਼ ਦੇ ਫੁੱਲਾਂ ਵਰਗੇ ਬੱਚੇ ਪੂਰੀ ਤਰ੍ਹਾਂ ਖਿੜਦੇ ਹੀ ਨਹੀਂ। ਨਾ ਖਿੜਨ ਸਾਨੂੰ ਕੀ ? ਸਾਡਾ ਮੁਨਾਫਾ ਤੇ ਸਾਡੇ ਬੱਚੇ ਪੂਰੀ ਤਰ੍ਹਾਂ ਸੇਫ ਹਨ।
*

* * * * *

ਕੰਮੀਂ ਕਮੀਨ ਲੋਕ ਚੀਕਦੇ ਹਨ। ਸੌ ਦੀ ਦਾਰੂ ਖਾ ਲਈ ਪਰ ਅਰਾਮ ਨਹੀਂ ਆਇਆ।

"ਸੁਹਰੀਆਂ, ਭਾਈ ਬਿਮਾਰੀਆਂ ਈ 'ਜੀਬ 'ਜੀਬ ਚਲ ਪੀਆਂ ਕਰੀਏ ਕੀ ...?" ਪਰ ਭੋਲੇ ਨੇ ਇਹ ਲੋਕ। ਦਵਾਈ ਅਸਲੀ ਹੋਵੇ ਤਾਂ ਆਵੇ ਆਰਾਮ। ਡੁਪਲੀਕੇਟ ਦਵਾਈਆਂ ਨਾਲ ਮਾਰਕੀਟ ਤੂਸੀ ਪਈ ਐ ਮਹਿੰਗੀਆਂ ਦਵਾਈਆਂ ਹਸਪਤਾਲਾਂ 'ਚੋਂ ਛੂ ਮੰਤਰ ਨਾਲ ਗਾਇਬ ਹੋ ਜਾਂਦੀਆਂ। ਨਾਲੇ ਹਸਪਤਾਲ 'ਚ ਆਈਆਂ ਦਵਾਈਆਂ ਤਾਂ ਡਾਕਟਰਾਂ ਨਰਸਾਂ ਦੀ ਪ੍ਰਾਈਵੇਟ ਪ੍ਰੈਕਟਿਸ ਲਈ ਨੇ। ਸਰਕਾਰੀ ਪ੍ਰੈਕਟਿਸ ਲਈ ਥੋੜ੍ਹੇ ਨੇ।

* * * * *

ਗਲੀਆਂ ਬਾਜ਼ਾਰਾਂ 'ਚ ਲੁੱਟ ਖੋਹ ਕਰਨ ਵਾਲੇ ਤਾਂ ਭਲਾ ਬੇਰੁਜ਼ਗਾਰ ਨੌਜਵਾਨ ਹੋਣਗੇ ਜਾਂ ਕਿਸੇ ਦੇ ਟੇਟੇ ਚੜ੍ਹੇ ਮੁੰਡੇ ਹੋਣਗੇ ਜਿਨ੍ਹਾਂ ਨੂੰ ਜੇ ਚੱਜ ਨਾਲ ਸਮਝਾਇਆ ਗਿਆ, ਸਮਾਜਕ ਵਤੀਰਾ ਬਦਲਿਆ ਗਿਆ ਤਾਂ ਗੱਡੀ ਲੀਹ 'ਤੇ ਆ ਜਾਵੇਗੀ ਹੀ ਪਰ ਇਨ੍ਹਾਂ ਸਮਾਜ ਦੇ ਸਨਮਾਨਿਤ ਅਤਿਵਾਦੀਆਂ ਦੀ ਫੌਜ ਨੂੰ ਕਿਹੜਾ ਸਮਝਾਏਗਾ ? ਕਿਹੜਾ ਕਾਨੂੰਨ ਕਿਹੜੀ ਸਰਕਾਰ, ਕਿਹੜਾ ਸਮਾਜ ਇਹ ਤਾਂ ਭਾਈ ਵੱਡੇ ਵਪਾਰੀ, ਨੇਤਾ, ਅਫਸਰ ਤੇ ਸਮਾਜ ਦੀ ਕਰੀਮ ਨੇ। ਅਤਿਵਾਦੀ ਤਾਂ ਅਸੀਂ ਤੁਸੀਂ ਲੋਕ ਹਾਂ ਇਹ ਤਾਂ ਵੱਡੇ ਲੋਕ ਨੇ।

ਬੰਦ ਇਹ ਕਮਰਾ ਹੈ ਬੇਸ਼ਕ ਢੇਰ ਚਿਰ ਤੋਂ,
ਸ਼ਖ਼ਸ ਕੋਈ ਫਿਰ ਵੀ ਅੰਦਰ ਜਾਪਦਾ ਹੈ।

ਸ਼ਹਿਰ ਸਾਰਾ ਖ਼ੁਸ਼ ਹੈ ਜਿਹੜੇ ਹਾਦਸੇ 'ਤੇ,
ਦੋਸਤੋ ! ਇਹ ਕਿਸ ਤਰ੍ਹਾਂ ਦਾ ਹਾਦਸਾ ਹੈ ?

ਬੋਝ ਸਿਰ 'ਤੇ ਹੈ ਨਾ ਮੋਰਾਂ 'ਤੇ ਹੈ ਫਿਰ ਵੀ,
ਆਦਮੀ ਦਿਨ ਰਾਤ ਝੁਕਦਾ ਜਾ ਰਿਹਾ ਹੈ।

ਜੋੜਦਾ ਫਿਰਦਾ ਹੈ ਜੋ ਪਰਛਾਵਿਆਂ ਨੂੰ,
ਆਪਣੇ ਨਾਲੋਂ ਇਹ ਵੀ ਟੁੱਟਿਆ ਜਾਪਦਾ ਹੈ।

ਵਿਸ਼ਵ ਕਾਨਫ਼ਰੰਸਾਂ ਪੰਜਾਬੀ ਦਾ ਕੀ ਸਵਾਰਦੀਆਂ ਹਨ

ਲੰਡਨ ਡਾਇਰੀ

ਅਮਰਜੀਤ ਚੰਦਨ

ਅੱਜ ਦੁਨੀਆਂ ਬੜੀ ਛੋਟੀ ਹੋ ਗਈ ਹੈ। ਅੱਜ ਦਾ ਯੁੱਗ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਦਾ ਯੁੱਗ ਹੈ, ਜਿਹਨੂੰ ਪੱਛਮੀ ਪੰਜਾਬੀ ਯਾਨੀ ਕਿ ਪਾਕਿਸਤਾਨ ਵਾਲੇ ਆਲਮੀ ਪੰਜਾਬੀ ਮਜਲਿਸਾਂ ਕਹਿੰਦੇ ਹਨ। ਸਭ ਤੋਂ ਪਹਿਲੀ ਵਾਰ ਵਾਪਰਨ ਵਾਲੀਆਂ ਗੱਲਾਂ ਇਤਿਹਾਸਕ ਹੁੰਦੀਆਂ ਹਨ, ਉਹਨਾਂ ਦਾ ਇਤਿਹਾਸ ਦੀਆਂ ਕਿਤਾਬਾਂ ਵਿਚ ਚਰਚਾ ਹੁੰਦਾ ਹੈ, ਜਾਂ ਅਖ਼ਬਾਰਾਂ ਦੇ "ਮੰਨੋ ਭਾਵੇਂ ਨਾ, ਪਰ ਹੈ ਸੱਚ" ਕਾਲਮਾਂ ਵਿਚ। ਮੇਰਾ ਬਾਪ ਕਿਹਾ ਕਰਦਾ ਸੀ ਕਿ ਆਪਣੇ ਨੱਗਰ ਨਕੋਦਰ ਵਿਚ ਉਹਨੇ ਸਭ ਤੋਂ ਪਹਿਲਾਂ ਬਾਈਸਾਈਕਲ ਖਰੀਦਿਆ ਸੀ। ਪਰ ਏਸ ਦਾ ਕਿਸੇ ਇਤਿਹਾਸ ਦੀ ਕਿਤਾਬ ਵਿਚ ਜ਼ਿਕਰ ਨਹੀਂ ਹੋਣਾ। ਕਿਤਾਬਾਂ ਵਿਚ ਵੱਡੀਆਂ ਗੱਲਾਂ ਤੇ ਵੱਡੇ ਬੰਦਿਆਂ ਦਾ ਜ਼ਿਕਰ ਹੋਇਆ ਕਰਦਾ ਹੈ। ਪੰਜਾਬੀ ਸਾਹਿਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਇਹ ਦਰਜ ਹੋਏਗਾ ਕਿ ਦੁਨੀਆਂ ਵਿਚ ਪਹਿਲੀ ਵਿਸ਼ਵ ਕਾਨਫਰੰਸ ਪੰਜਾਬ ਵਿਚ ਨਹੀਂ, ਇੰਗਲੈਂਡ ਵਿਚ ਹੋਈ ਸੀ, ਕਿ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬ ਵਿਚ ਨਹੀਂ, ਕੈਨੇਡਾ ਵਿਚ ਹੋਈ ਸੀ, ਕਿ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬ ਵਿਚ ਨਹੀਂ, ਸਿਆਮ(ਥਾਈਲੈਂਡ) ਵਿਚ ਹੋਈ ਸੀ, ਕਿ ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਪੰਜਾਬ ਵਿਚ ਨਹੀਂ, ਦਿੱਲੀ ਵਿਚ ਹੋਈ ਸੀ। ਇਤਿਹਾਸ ਵਿਚ ਦਰਜ ਹੋਏਗਾ ਕਿ ਪੰਜਵੀਂ ਵਿਸ਼ਵ ਪੰਜਾਬੀ ਕਾਨਫਰੰਸ ਯਾਨੀ ਕਿ ਆਲਮੀ ਪੰਜਾਬੀ ਮਜਲਿਸ ਪੁਰਾਣੇ ਪੰਜਾਬ ਦੀ ਰਾਜਧਾਨੀ ਲਹੌਰ ਵਿਚ ਹੋਈ ਸੀ, ਜੋ ਪੰਜਾਬ ਵਿਚ ਹੋਣ ਵਾਲੀ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਸੀ। ਪੰਜਾਬੀ ਸਾਹਿਤ ਦਾ ਇਤਿਹਾਸ ਲਿਖਵਾਉਣ ਵਾਲੇ ਜਾਂ ਲਿਖਣ ਵਾਲੇ ਆਪਣੀ ਰੰਗਤ ਮੁਤਾਬਕ ਇਹ ਚਰਚਾ ਕਰਨਗੇ ਕਿ ਇਹਨਾ ਕਾਨਫਰੰਸਾਂ ਨੇ ਪੰਜਾਬੀ ਸਾਹਿਤ, ਕਲਚਰ ਤੇ ਬੋਲੀ ਦਾ ਕੀ ਸਵਾਰਿਆ ਤੇ ਕੀ ਵਿਗਾੜਿਆ ?

ਅਪ੍ਰੈਲ 1986 ਵਿਚ ਲਾਹੌਰ ਵਿਚ ਹੋਈ ਆਲਮੀ ਪੰਜਾਬੀ ਕਾਨਫਰੰਸ ਬਾਰੇ ਕਿਸੇ ਸੱਜਣ ਦਾ ਖਤ ਲਾਹੌਰੋਂ ਆਇਆ ਹੈ, ਜੋ ਇੰਜ ਹੈ :-

ਕਾਨਫ਼ਰੰਸ ਬਾਰੇ ਚੰਗੀ ਗੱਲ ਇਹੋ ਹੀ ਏ ਕਿ ਇਹ ਹੋ ਗਈ। ਬਾਕੀ ਫ਼ਖਰ ਜ਼ਮਾਂ ਨੇ ਆਪਦਾ ਸ਼ੋਅ ਬਣਾਇਆ ਹੋਇਆ ਸੀ। ਕਿਸੇ ਨਾਲ ਕੋਈ ਸਲਾਹ ਨਹੀਂ ਕੀਤੀ ਗਈ। ਕਮ-ਅਜ਼-ਕਮ ਸਾਡੇ ਜਿਹੇ ਲੋਕਾਂ ਨਾਲ ਨਹੀਂ। ਕਾਨਫਰੰਸ ਕਿਸੇ ਪਾਰੋਂ ਐਡਹਾਕ ਢੰਗ ਨਾਲ ਕੀਤੀ ਗਈ। ਕੁਝ ਲੋਕਾਂ ਦੇ ਪਰਚੇ ਚੰਗੇ ਸਨ, ਜਿਵੇਂ ਅਫ਼ਜ਼ਲ ਹੈਦਰ ਤੇ ਤੌਸੀਫ਼ ਅਫ਼ਜ਼ਲ ਵਗੈਰਾ-ਵਗੈਰਾ। ਰਹਿਤਲੀ ਪੱਧਰ ਕੋਈ ਉਚੀ ਨਹੀਂ ਸੀ ਕਿ ਸਾਂਝੀ ਮਨਸੂਬਾਬੰਦੀ ਹੀ ਨਹੀਂ ਸੀ ਹੋਈ। ਰਹਿਤਲੀ ਸ਼ੋਅ ਵਿਚ ਅਕਸਰ ਗਾਇਕ ਸ਼ੌਕੀਨ ਹੀ ਸਨ, ਪੇਸ਼ਾਵਰ ਨਹੀਂ ਸਨ, ਯਾਨੀ ਅਤਾਈ ਜਾਂ ਅਤਾਈਆਂ ਵਰਗੇ। ਆਲਮੀ ਪੰਜਾਬੀ ਕਾਨਫ਼ਰੰਸ ਦਾ ਸੰਗੀਤ ਮਾਹੀਏ ਟੱਪੇ ਤੋਂ ਅਗਾਂਹ ਨਾ ਵਧ ਸਕਿਆ। ਇਕ ਨਾਟਕ ਵੀ ਖੇਡਿਆ ਗਿਆ, ਫ਼ਖਰ ਜ਼ਮਾਂ ਦੇ ਬੰਦੀਵਾਨ ਉਤੇ। ਏਸ ਵਿਚ ਜ਼ਿਆਦਾ ਨਾਅਰੇਬਾਜ਼ੀ ਸੀ। ਭਾਰਤੋਂ ਬੰਦੇ ਨਹੀਂ ਆ ਸਕੇ। ਬਾਹਰੋਂ ਸਿਰਫ਼ ਦੋ ਬੰਦੇ ਕੋਈ ਚੌਹਾਨ ਲੰਦਨੋਂ ਤੇ ਕੋਈ ਸਿੰਘ ਕੈਨੇਡਾ ਤੋਂ ਆਏ ਸਨ। ਬਹਰਹਾਲ ਪੈਸਾ ਕਾਫ਼ੀ ਖਰਚ ਹੋਇਆ ਲਗਦਾ ਏ।

ਇਸ ਖਤ ਵਿਚ ਵੱਡੀ ਉਸਾਰੂ ਗੱਲ ਪਹਿਲੇ ਫਿਕਰੇ ਵਿਚ ਹੀ ਹੈ ਕਿ ਇਹੋ ਜਿਹੀਆਂ ਕਾਨਫਰੰਸਾਂ ਦਾ ਹੋ ਜਾਣਾ ਹੀ ਚੰਗੀ ਗੱਲ ਹੈ। ਬਾਕੀ ਦੇ ਖਤ ਵਿਚੋਂ ਜੇ ਨਾਂ ਤੇ ਥਾਂ ਬਦਲ ਕੇ ਆਪਣੀ ਆਪਣੀ ਮਰਜ਼ੀ ਮੁਤਾਬਕ ਨਾਂ ਥਾਂ ਭਰ ਕੇ ਪੜ੍ਹ ਲਈਏ ਤਾਂ ਇਹ ਗੱਲ ਵਧ ਜਾਂ ਘਟ ਹਰ ਕਾਨਫਰੰਸ ਬਾਰੇ ਢੁੱਕਦੀ ਹੈ। ਹਰ ਕਿਸੇ ਨੂੰ ਤੇ ਹਰ ਧਿਰ ਨੂੰ ਰਾਜ਼ੀ ਕਰ ਸਕਣਾ ਸੌਖਾ ਨਹੀਂ ਹੁੰਦਾ। ਜੇ ਕੋਈ ਫ਼ਖਰ ਜ਼ਮਾਂ ਜਾਂ ਵਿਸ਼ਵਾਨਾਥ ਆਪਣੀ ਚੌਧਰ ਜਾਂ ਸਿਆਸੀ ਰਸੂਖ਼ ਬਨਾਉਣ ਲਈ ਕਾਨਫਰੰਸਾਂ ਦਾ ਇਹੋ ਜਿਹਾ ਉਦਮ ਕਰਦਾ ਹੈ ਤਾਂ ਉਸ ਵਿਚ ਬਹੁਤਾ ਪਰੇਸ਼ਾਨ ਹੋਣ ਦੀ ਜ਼ਰੂਰਤ ਨਹੀਂ। ਕਈ ਬੰਦੇ ਜ਼ਾਤੀ ਇਖਤਿਲਾਫ਼ ਨੂੰ ਸਿਧਾਂਤਕ ਰੰਗਤ ਦੇ ਕੇ ਆਪਣੀ ਸੂਝ ਦਾ ਦੀਵਾਲੀਆਪਨ ਹੀ ਜ਼ਾਹਰ ਕਰਦੇ ਹਨ।

ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ (1980) ਦੇ ਵਿਰੋਧੀਆਂ ਨੇ ਲੈਫਟ-ਰਾਈਟ ਦਾ ਸਵਾਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਜਿਹਨਾਂ ਦੇ ਹੱਥ ਬੇਲੰਸ ਸੀ, ਉਹ ਇਕੱਲੇ ਰਹਿ ਗਏ ਤੇ "ਮੈਂਟਲੀ ਅਨਬੇਲੈਂਸਡ" ਹੋ ਗਏ। ਜਿਹਨਾਂ ਨੇ ਉਸ ਕਾਨਫਰੰਸ ਦਾ ਵਿਰੋਧ ਲੰਮੇ ਲੰਮੇ ਮਾਰਕਸੀ ਹਵਾਲਿਆਂ ਵਾਲੇ ਖੋਜ-ਨਿਬੰਧ ਲਿਖ ਕੇ ਕੀਤਾ ਸੀ, ਉਹਨਾਂ ਨੂੰ ਇਸ ਲੈਨਿਨੀ ਅਸੂਲ ਦਾ ਮਾੜਾ ਜਿੰਨਾ ਵੀ ਪਤਾ ਨਹੀਂ ਸੀ ਕਿ ਬੋਲੀ ਦਾ ਮਸਲਾ ਕੌਮੀ ਮਸਲਾ ਹੁੰਦਾ ਹੈ, ਜਮਾਤੀ (ਤਬਕਾਤੀ) ਨਹੀਂ। ਪੰਜਾਬੀ ਬੋਲੀ ਤਾਂ ਬਾਦਲ ਵੀ ਬੋਲਦਾ ਹੈ ਤੇ ਸੁਰਜੀਤ ਵੀ ਤੇ ਇਹਦੀ ਤਰੱਕੀ ਦਾ ਸਰੋਕਾਰ ਦੋਹਵਾਂ ਨੂੰ ਇਕੋ ਜਿਹਾ ਹੋਣਾ ਚਾਹੀਦਾ ਹੈ।

ਅੱਜ ਤੱਕ ਪੰਜਾਬੀ ਬੋਲੀ ਦੀ ਤਰੱਕੀ ਵਾਸਤੇ ਜਿੰਨੇ ਵੀ ਪੁਰਅਸਰ ਕੰਮ ਹੋਏ ਹਨ, ਉਹ ਲੋਕ-ਵਿਰੋਧੀ ਹੁਕਮਰਾਨਾਂ ਨੇ ਹੀ ਕੀਤੇ ਹਨ। ਜਿਵੇਂ ਫ਼ਾਰਸੀ ਲਿਪੀ ਵਿਚ ਬੱਚਿਆਂ ਵਾਸਤੇ ਪਹਿਲੇ ਪੰਜਾਬੀ ਕਾਇਦੇ ਬਨਵਾਉਣ ਵਾਲਾ ਔਰੰਗਜ਼ੇਬ ਸੀ। (ਹਵਾਲਾ : ਹਫ਼ੀਜ਼ ਮਹਮੂਦ ਸ਼ੀਰਾਨੀ ਪੰਜਾਬੀ ਬਾਰੇ ਪੰਜਾਬੀ ਯੂਨੀਵਰਸਿਟੀ ਪਟਿਆਲਾ, 1966)। ਇੰਡੀਅਨ ਪੀਨਲ ਕੋਡ ਦਾ ਪੰਜਾਬੀ ਅਨੁਵਾਦ ਤਾਜ਼ੀਰਾਤੇ ਹਿੰਦ ਨੱਥਾ ਸਿੰਘ ਪਿਤਾ ਸੰਤ ਰਣਧੀਰ ਸਿੰਘ ਨੇ ਕੀਤਾ ਸੀ ਤੇ ਇਹ ਕੰਮ ਪਟਿਆਲੇ ਵਾਲੇ ਰਾਜੇ ਭੂਪੇ ਨੇ ਕਰਵਾਇਆ ਸੀ। ਭੂਪੇ ਨੇ ਹੀ ਪੰਜਾਬੀ ਨੂੰ ਪਹਿਲੀ ਵਾਰ ਪਟਿਆਲੇ ਰਿਆਸਤ ਦੀ ਦਰਬਾਰੀ ਸਰਕਾਰੀ ਜ਼ਬਾਨ ਬਣਾਇਆ ਸੀ। ਪੂਰਬੀ ਪੰਜਾਬ ਵਿਚ ਪੰਜਾਬੀ ਨੂੰ ਪਹਿਲੀ ਵਾਰੀ ਰਾਜ ਭਾਸ਼ਾ ਦਾ ਦਰਜਾ ਦੇਣ ਵਾਲਾ ਲਛਮਣ ਸਿੰਘ ਗਿੱਲ ਸੀ। ਜੇ ਬੋਲੀ ਦਾ ਮਸਲਾ ਜਮਾਤੀ ਮਸਲਾ ਹੁੰਦਾ ਤਾਂ ਉਪਰਲੇ ਸਾਰੇ ਹੁਕਮਰਾਨ ਕਦੇ ਵੀ ਪੰਜਾਬੀ ਵਾਸਤੇ ਕੁਝ ਨਾ ਕਰਦੇ।

ਆਲਮੀ ਪੰਜਾਬੀ ਕਾਨਫਰੰਸਾਂ ਦਾ ਵਿਰੋਧ ਇਹ ਆਖ ਕੇ ਕਰਨਾ ਫ਼ਜ਼ੂਲ ਹੈ ਕਿ ਜੀ, ਇਹ ਤਾਂ ਤਿਵਾੜੀ ਦਾ ਕੰਮ ਹੈ ਜਾਂ ਫ਼ਖਰ ਜ਼ਮਾਂ ਦਾ, ਜਿਹਨਾਂ ਦੀ ਅੱਖ ਵਜ਼ੀਰੀਆਂ ਤੇ ਹੈ। ਮੇਰੀ ਵਲੋਂ ਕਾਨਫਰੰਸ ਭਾਵੇਂ ਕੋਈ ਕਾਲਾ ਚੋਰ ਕਰੇ ਤੇ ਭਾਵੇਂ ਕਰੇ ਵੀ ਆਈਸਲੈਂਡ ਜਾਂ ਟਿੰਬਕਟੂ ਵਿਚ। ਮੇਰਾ ਸਰੋਕਾਰ ਤਾਂ ਇਹੀ ਹੈ ਕਿ ਕੋਈ ਪੰਜਾਬੀ ਬੋਲੀ ਕਲਚਰ ਤੇ ਸਾਹਿਤ ਦੀ ਤਰੱਕੀ ਵਾਸਤੇ ਕੁਝ ਕਰੇ ਤਾਂ ਸਹੀ। ਇਸ ਤਰੱਕੀ ਨੂੰ ਤਖ਼ਲੀਕੀ ਤੌਰ ਤੇ ਸਹੀ ਸੇਧ ਦੇਣੀ ਅਵਾਮੀ ਲਿਖਾਰੀਆਂ, ਸੂਝਵਾਨਾਂ ਤੇ ਕਲਾਕਾਰਾਂ ਦਾ ਕੰਮ ਹੈ।

●●●●●

ਸਾਹਿਤਕਾਰਾਂ ਦੇ ਸੰਗਠਨ ਦੀ ਰਵਾਇਤ ਸਾਡੇ ਦੇਸਾਂ ਵਿਚ ਬਹੁਤੀ ਪੁਰਾਣੀ ਨਹੀਂ ਹੈ। ਭਾਵੇਂ ਸੰਨ 1936 ਵਿਚ ਲਖਨਊ ਵਿਚ ਪਰੇਮ ਚੰਦ ਦੀ ਅਗਵਾਈ ਵਿਚ ਕੁਲ-ਹਿੰਦ ਅਦਬੀ ਤਹਰੀਕ ਦੀ ਰਵਾਇਤ ਰਖੀ ਗਈ ਸੀ, ਪਰ ਪੰਜਾਬ ਵਿਚ ਇਹ ਜਥੇਬੰਦਕ ਸ਼ਕਲ ਵਿਚ ਵੰਡ ਤੋਂ ਬਾਅਦ ਹੀ ਉਭਰੀ। ਵੀਹਾਂ ਵਿਚ ਰਾਵਲਪਿੰਡੀ ਵਿਚ ਹੀਰਾ ਸਿੰਘ ਦਰਦ ਹੁਰਾਂ ਦੀ ਜਥੇਬੰਦੀ "ਕਵੀ ਗੁਲਜ਼ਾਰ" ਹੁੰਦੀ ਸੀ ਤੇ ਤੀਹਾਂ ਵਿਚ ਨੈਰੋਬੀ ਪੂਰਬੀ ਅਫਰੀਕਾ ਵਿਚ "ਕਾਵਯ ਫੁਲਵਾੜੀ।"

ਅਮਨ ਲਹਿਰ ਦੀਆਂ ਚੜ੍ਹਾਈਆਂ ਤੇ ਸੰਸਾਰ ਸੋਸ਼ਲਿਸਟ ਕੈਂਪ ਦੀ ਏਕਤਾ ਸਦਕਾ ਲੇਖਕਾਂ ਦੀ ਜਥੇਬੰਦੀ ਕੇਂਦਰੀ ਲੇਖਕ ਸਭਾ ਦੀਆਂ ਸਰਗਰਮੀਆਂ ਵਿਚ ਕੋਈ ਅੱਲੋਕਾਰ ਆਸ਼ਾਵਾਦ ਨਜ਼ਰ ਆਉਂਦਾ ਹੁੰਦਾ ਸੀ। ਐਫ਼ਰੋ-ਏਸ਼ਿਆਈ ਲੇਖਕ ਲਹਿਰ ਦੀ ਜੜ੍ਹ ਵੀ ਲਗ ਗਈ ਸੀ। ਮਤੇ ਪਾਸ ਹੁੰਦੇ ਸਨ ਤੇ ਰਚਨਾਵਾਂ 'ਤੇ "ਭਰਪੂਰ ਤੇ ਉਸਾਰੂ" ਬਹਿਸਾਂ ਹੁੰਦੀਆਂ ਸਨ। ਪਰ ਪੂਰਬੀ ਪੰਜਾਬ ਵਿਚ ਪੰਜਾਬੀ ਬੋਲੀ ਦੇ ਮੋਰਚੇ ਵਿਚ ਕੇਂਦਰੀ ਲੇਖਕ ਸਭਾ ਨੇ ਕਿੰਨਾ ਕੁ ਰੋਲ ਅਦਾ ਕੀਤਾ ਸੀ ? ਚੰਗੇ ਸਾਹਿਤ ਦੀ ਸਿਰਜਣਾ ਵਿਚ ਇਹ ਕਿੰਨੀ ਕੁ ਪ੍ਰੇਰਕ ਬਣੀ ?

ਸੰਸਾਰ ਸੋਸ਼ਲਿਸਟ ਲਹਿਰ ਦੀ ਫੁੱਟ ਕਾਰਣ ਲੇਖਕ ਸਭਾ ਢਹਿੰਦੀਆਂ ਵਿਚ ਚਲੇ ਗਈ। ਸੱਠਾਂ ਦੇ ਅਖੀਰ ਵਿਚ ਮਾਓਵਾਦੀ ਨਕਸਲੀ ਲਹਿਰ ਦੇ ਅਸਰ ਹੇਠ ਦੋ ਕੇਂਦਰੀ ਸਭਾਵਾਂ ਬਣ ਗਈਆਂ ਸਨ, ਜੋ ਸਰਕਾਰੂ ਤੇ ਗ਼ੈਰ-ਸਰਕਾਰੂ ਦੇ ਨਾਵਾਂ ਨਾਲ ਜਾਣੀਆਂ ਜਾਂਦੀਆਂ ਸਨ। ਇਸ ਮਾਮਲੇ ਵਿਚ ਹਰ ਅਵਾਮੀ ਜਥੇਬੰਦੀ ਨੂੰ ਵੰਡਣ ਵਾਲੀ ਮਾਰਕਸੀ ਪਾਰਟੀ ਦਾ ਸੀ. ਪੀ. ਆਈ. ਨਾਲ ਏਕਾ ਸੀ। ਗ਼ੈਰ-ਸਰਕਾਰੂ ਸਭਾ ਦੇ ਲੀਡਰਾਂ ਨੇ ਤੈਅਸ਼ੁਦਾ ਨੀਤੀ ਮੁਤਾਬਕ ਗ਼ੈਰ-ਅਦਬੀ ਸਿਆਸੀ ਲੀਡਰਾਂ ਨੂੰ ਸਭਾ ਤੋਂ ਦੂਰ ਰਖਣਾ ਚਾਹਿਆ ਸੀ। ਪਰ ਇਹਦਾ ਵੱਡਾ ਚੌਧਰੀ ਦੁਸਾਂਝ ਛੇਤੀ ਹੀ ਨੀਲੀ ਪੱਗ ਬੰਨ੍ਹਣ ਲਗ ਪਿਆ ਸੀ ਤੇ ਕਿਸੇ ਅਕਾਲੀ ਸਿਆਸੀ ਲੀਡਰ ਦੀ ਪੂਛ ਬਣ ਗਿਆ। ਇਸ ਵੇਲੇ ਪੂਰਬੀ ਪੰਜਾਬ ਵਿਚ ਦੋ ਸਭਾਵਾਂ ਸਰਗਰਮ ਹਨ — ਇਕ ਕੇਂਦਰੀ ਲੇਖਕ ਸਭਾ ਤੇ ਦੂਜੀ ਮਾਓਵਾਦੀਆਂ ਦੀ ਕ੍ਰਾਂਤੀਕਾਰੀ ਲੇਖਕ ਸਭਾ ਤੇ ਪੰਜਾਬੀ ਲੋਕ ਸਭਿਆਚਾਰ ਮੰਚ।

ਸਾਡੇ ਪਛੜੇਵਾਂ ਏਨਾ ਹੈ ਕਿ ਸਰਕਾਰਾਂ ਸਾਹਿਤਕਾਰਾਂ ਦੀ ਟਕੇ ਦੀ ਵੁਕਅਤ ਨਹੀਂ ਪਾਉਂਦੀਆਂ। ਕਮਿਊਨਿਸਟ ਪਾਰਟੀਆਂ ਲੇਖਕ ਸਭਾਵਾਂ ਨੂੰ ਟਰੇਡ ਯੂਨੀਅਨ ਸਮਝਦੀਆਂ ਹਨ। ਮੇਰਾ ਖਿਆਲ ਨਹੀਂ ਕਿ ਦੂਜੇ ਤੀਜੇ ਦਰਜੇ ਦੇ ਲਿਖਾਰੀਆਂ ਦੀਆਂ ਲੇਖਕ ਸਭਾਵਾਂ ਨੇ ਚੰਗਾ ਸਾਹਿਤ ਸਿਰਜਣ ਵਿਚ ਕੋਈ ਰੋਲ ਅਦਾ ਕੀਤਾ ਹੋਵੇਗਾ। ਲੇਖਕ ਸਭਾਵਾਂ ਏਨਾ ਤੇ ਕੰਮ ਜ਼ਰੂਰ ਕਰ ਸਕਦੀਆਂ ਸਨ ਕਿ ਪੰਜਾਬ ਪੱਧਰ ਤੇ ਕੋਈ ਪ੍ਰਕਾਸ਼ਨ ਤੇ ਖੋਜ ਸੰਸਥਾਵਾਂ ਚਲਾਉਂਦੀਆਂ, ਲੋੜਵੰਦ ਲੇਖਕਾਂ ਦੀ ਇਮਦਾਦ ਕਰਦੀਆਂ।

ਮੈਂ ਕਈ ਵਾਰ ਸੋਚਦਾ ਹੁੰਦਾ ਹਾਂ ਕਿ ਜੇ ਮੱਧ ਜੁਗ ਤੇ ਸੰਤ ਕਵੀਆਂ ਨੇ ਕੁਲ ਹਿੰਦ ਪੈਮਾਨੇ ਤੇ "ਕੇਂਦਰੀ ਨਿਰਗੁਣ ਕਾਵਿ ਸਭਾ" ਬਣਾਈ ਹੁੰਦੀ, ਜਿਹਦਾ ਪ੍ਰਧਾਨ ਨਾਨਕ ਹੁੰਦਾ, ਜਨਰਲ ਸਕੱਤਰ ਕਬੀਰ ਤੇ ਖਜ਼ਾਨਚੀ ਰਵੀਦਾਸ, ਤਾਂ ਉਹਨਾਂ ਦੇ ਰਚਿਆ ਸਾਹਿਤ ਬਿਹਤਰ ਹੁੰਦਾ ਜਾਂ ਬਦਤਰ ?

ਬਾਬਾ ਨਾਨਕ "ਕੁਝ ਕਹਿਣ, ਕੁਝ ਸੁਣਨ" ਦਾ ਮੁਦੱਈ ਸੀ ਤੇ ਉਹਦਾ ਆਖਣਾ ਸੀ ਕਿ ਮਿਲ ਬੈਠਣ ਦੀ ਮਹਿਮਾ ਦੱਸੀ ਨਹੀਂ ਜਾ ਸਕਦੀ। ਗਿਆਨ ਦੀ ਜਗਿਆਸਾ ਉਹਨੂੰ ਚਹੁੰ ਕੂੰਟੀ ਲੈ ਗਈ ਸੀ। ਸਾਹਿਤ ਸਭਾਵਾਂ ਤੇ ਕਾਨਫਰੰਸਾਂ ਮਿਲ ਬੈਠ ਕੇ ਕੁਝ ਕਹਿਣ ਕੁਝ ਸੁਣਨ ਦੇ ਮੰਚ ਬਣ ਸਕਦੀਆਂ ਹਨ। ਬਸ਼ਰਤਿ ਕਿ ਇਹਨਾਂ ਵਿਚ ਅਸਲੀ ਪ੍ਰਤਿਭਾ ਦੇ ਲਿਖਾਰੀ ਹੋਣ ਤੇ ਦਫ਼ਤਰਸ਼ਾਹੀ ਸਿਆਸੀ ਦਖਲ ਨਾ ਹੋਵੇ।

ਵਿਦਿਆਰਥੀ ਆਗੂ ਪੰਜਾਬ ਦੀਆਂ ਮੰਗਾਂ ਮਨਵਾਉਣ ਲਈ ਸੰਘਰਸ਼ ਕਰਨਗੇ

ਮਾਨਸਾ — ਆਈ. ਟੀ. ਆਈ. ਬਠਿੰਡਾ ਵਿਖੇ ਇੰਡੀਅਨ ਪੀਪਲਜ਼ ਫਰੰਟ ਦੇ ਸਟੂਡੈਂਟਸ ਵਿੰਗ ਆਰ. ਸੀ. ਪੀ. ਆਈ. (ਜੈਕਾਰਾ) ਦੇ ਵਿਦਿਆਰਥੀ ਨੁਮਾਇੰਦੇ ਪੰਜਾਬ ਸਟੂਡੈਂਟਸ ਯੂਨੀਅਨ (ਏ ਆਈ ਆਰ ਐਸ ਐਫ) ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਬਠਿੰਡਾ ਜ਼ਿਲੇ ਦੇ ਨੁਮਾਇੰਦਿਆਂ ਦੀ ਸਾਂਝੀ ਮੀਟਿੰਗ ਹੋਈ ਜਿਸ ਵਿਚ ਪੰਜਾਬ ਮਸਲੇ ਅਤੇ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਕੀਤਾ ਗਿਆ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਪੰਜਾਬ ਮਸਲੇ ਨੂੰ ਹੱਲ ਕਰਵਾਉਣ ਲਈ ਪੰਜਾਬ ਦੇ ਵਿਦਿਆਰਥੀਆਂ ਨੂੰ ਪੰਜਾਬ ਦੀਆਂ ਮੰਗਾਂ ਮਨਵਾਉਣ ਲਈ ਕੇਂਦਰੀ ਕਾਂਗਰਸ ਅਤੇ ਸੂਬਾਈ ਅਕਾਲੀ ਹਕੂਮਤ ਵਿਰੁੱਧ ਵਿਸ਼ਾਲ ਸੰਘਰਸ਼ ਚਲਾਉਣਾ ਚਾਹੀਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੱਦਾ ਦਿਤਾ ਕਿ ਹੇਠ ਲਿਖੀਆਂ ਮੰਗਾਂ ਮਨਵਾਈਆਂ ਜਾਣ ਜਿਵੇਂ ਕਿ ਲਾਇਸੈਂਸ ਸਿਸਟਮ ਖਤਮ ਕਰਕੇ ਲੋਕਾਂ ਨੂੰ ਆਤਮ-ਰੱਖਿਆ ਲਈ ਹਥਿਆਰ ਰੱਖਣ ਦਾ ਹੱਕ ਦਿਤਾ ਜਾਵੇ ਅਤੇ ਪਿੰਡ ਨੂੰ ਇਕਾਈ ਮੰਨਕੇ ਭਾਸ਼ਾਈ ਮਾਹਿਰਾਂ ਦੇ ਨਿਰਪੱਖ ਸਰਵੇਖਣ ਦੇ ਆਧਾਰ ਉਤੇ ਪੰਜਾਬ ਦੀ ਮੁੜ ਹੱਦਬੰਦੀ ਕੀਤੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸੂਬਿਆਂ ਨੂੰ ਖੁਦਮੁਖਤਿਆਰੀ ਦਿੱਤੀ ਜਾਵੇ ਅਤੇ ਰਾਜ ਪ੍ਰਬੰਧ ਦੇ ਹੇਠਲੇ ਪੱਧਰ ਦੀ ਇਕਾਈ ਤੱਕ ਤਾਕਤਾਂ ਦਾ ਵਿਕੇਂਦਰੀਕਰਣ ਕੀਤਾ ਜਾਵੇ ਉਨ੍ਹਾਂ ਮਤਾ ਪਾਸ ਕੀਤਾ ਕਿ ਪਾਣੀਆਂ ਲਈ ਅਖੌਤੀ ਸਮਝੌਤੇ ਤੇ ਐਵਾਰਡ ਰੱਦ ਕਰਕੇ ਕੌਮਾਂਤਰੀ ਦਰਿਆਈ ਕਾਨੂੰਨ ਅਨੁਸਾਰ ਪਾਣੀ ਦੀ ਵੰਡ ਕੀਤੀ ਜਾਵੇ ਅਤੇ ਫੌਜ ਦੀ ਅੰਦਰੂਨੀ ਮਾਮਲਿਆਂ ਵਿਚ ਵਰਤੋਂ ਬੰਦ ਕੀਤੀ ਜਾਵੇ। ਪੰਜਾਬ ਮਸਲੇ ਨੂੰ ਹੱਲ ਕਰਨ ਲਈ ਜੋਧਪੁਰ ਜੇਲ੍ਹ ਦੇ ਨਜ਼ਰਬੰਦਾਂ ਨੂੰ ਰਿਹਾਅ ਕਰਨਾ, ਨਵੰਬਰ 84 ਦੇ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਬਾਰੇ, ਧਾਰਮਿਕ ਭਾਵਨਾਵਾਂ ਅਧੀਨ ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਬਹਾਲ ਕਰਨ ਬਾਰੇ, ਸਾਰੇ ਕਾਲੇ ਕਾਨੂੰਨ ਅਤੇ ਗਵਰਨਰ ਦਾ ਅਹੁਦਾ ਤੁਰੰਤ ਖਤਮ ਕੀਤੇ ਜਾਣ ਦੀ ਵੀ ਮੰਗ ਕੀਤੀ ਗਈ।

Sikh Fundamentalism and its Support Structure

Economic Development and Emerging Class Interests

Punjab indeed has made a remarkable economic progress during the last two to three decades. Diverse political and ideological conclusions have been drawn from the same set of facts. Over the entire period of 1969-74, the primary sector in Punjab has grown three times faster than the rest of India, the secondary sector 1.3 times faster and the teritiary sector has grown at slightly higher than the national average.

If one looks at Punjab's economic development, particularly in the field of agriculture and increase in its per capita income, it is not difficult to arrive at the conclusion that age expectancy in the state up to 1978 was 1.4 times higher than the national average. Out of 40 per cent of country's population, those who live below the poverty line, Punjab's share comes to one per cent as against 16 per cent in UP and 13 per cent in Bihar. However Punjab's requests for generating more power and water were thwarted by every succeeding government at the centre and a fair proportion of central resources and setting up of heavy industries were denied to the state. This too has generated extremist demands for separation and decentralisation of the powers of the centre, some experts feel. But there are some Sikh intellectuals who have given a different interpretation to this economic growth of Punjab and have traced it to Sikh religion!

"It is a collective endeavour of sheer skill and resilience furthered by a deep adherence to the basic tenets of Sikhism.... It is thus not surprising that the Punjabi Sikh man or woman is perhaps the handsomest and the most healthy and vigorous of our people ..... The talk of total independence is alluring, the Sikhs are competent both to create and sustain an independent sovereign state for a time" (emphasis added).

This shows how telling is the impact of fundamentalism. It betrays dangerous opening to 'Sikh fundamentalism'. It proves to the hilt that economic development, though important and perhaps the most important factor in modernising human minds cannot alone become an antidote to communal separatism.

Nonetheless a dispassionate analysis of the economic development and the economic policies is urgently called for. What clearly stands out is that most of the resources have been cornered by the big owners and the percentage of work force on land of the total work force has steadily increased from 17.3 per cent in 1961 to 38.2 per cent in 1981. We are faced with a rural class structure in which capitalist landlords and rich peasants have an exploitative relationship with the agricultural workers. If we superimpose the communal and caste structure on this mapping the Jat Sikh proprietors, especially the top section is in a structural conflict with the scheduled caste land workers and more so with the semi-bonded non-Punjabi labourers. This is a simplistic distortion, but helpful to understand the support base of 'fundamentalism' and the structural obstacles that it has to reckon with. It is known that most of the Jat farmers are with the Akalis, with a smaller section being with the Congress, and the scheduled caste and other rural poor owe allegiance to the Congress and the communists. The rural poor and lower caste people cannot have any interest in separatism and terrorism, and that too when conditions of labour scarcity combined with increased productivity has pushed the wages up for the local labour and the arduous jobs are being performed by relatively low-paid non-Punjabi labour. Their being duped by appeals of religious oprthodoxy also has a low chance, as this ideology is being mouthed by sections of their exploiters. That is the explanation why rural poor are mainly with the national secular parties. Almost total political confrontation, in which the Congress and the communists find themselves, has created a piquant situation.

The lopsided development with little development of industry, to which many observers have drawn attention should logically cause more concern to the entrepreneur class than to the rural rich. There is no disputing the fact that communal minded Hindus preponderate in this class among the trades. Amongst Sikhs Ramgarhias are a significant part of the industry oriented new bourgeoisie. Thus the facile economic interest explanation does not hold ground. Moreover, even the rich farmers can have little economic class interest served by fullfledged 'fundamentalists' approach in a period where productivity and profits have shown no signs of being choked off. All said and done, it would be a safe conjecture that 'fundamentalism' can be a weapon as a bargaining counter for the rural rich, which in the Punjab means a major part of the upper classes, but when taken to its logical culmination, it results only in a failure of its political management skills. Therefore, in the prevailing economic structure 'fundamentalims' would neither breathe its last nor achieve its full political objectives.

Another aspect of the social structure of the Punjab, not touched till now, but important for our present study is the structure of the regional divisions of the Punjab. Relatively speaking the leadership and cadres for the 'fundamentalist' movement has been provided by the 'Malwa' region, less so by 'Majha' and the lest by 'Doaba'. Bhindranwale, along with all his close associates, belonged to Malwa and so also Gurcharan Singh Tohra, Jagdev Singh Talwandi, Sukhjinder, Sant Harchand Singh Longowal and even Parkash Singh Badal come from this region. Two Congress (I) MPs Amrender Singh and Devinder Singh Garcha to resign from the Congress (I) and the Parliament in sympathy with 'fundamentalism' also hail from Malwa.

This fact has structural foundations and provides

Contd. from Page 20

important clues to the issues under discussion. Firstly the militant tradition of the Sikhs had developed in this region in Guru Gobind Singh's days, the period of Banda Singh Bahadur's exploits and finally in the original Dal Khalsa days.

Secondly, most of this region except Ludhiana, in the British period, was under Indian princes. Who were Sikhs by religion and many were Jats. Being formally covered by princely states, political consciousness aroused by the struggle for independence came late and in weakened form in this region. When these states were merged as PEPSU after independence, the Union had a clear Sikh majority with Sikh rulers lording over them and deliberately spreading a communal understanding to delay the merger of the Union in the Punjab state and ensure for themselves thoir lions' shares in the event of such a merger materialises. Maharaja of Patiala had even earlier, through British support; tried to assume Sikh leadership.

Thirdly, merger of PEPSU in Punjab had simultaneously strengthened Akali communal politics by favourably altering the communal population ratio and the hold of feudal elements in the Congress. And finally, a point hammered bu the former chief minister Darbara Singh again and again, this region abounds in large semifeudal and holdings, much beyond the ceiling law, because of its princely past. The absence of industry in Malwa region with the exception of Ludhiana is notable. The region presents a queer mixture of backward economy, fedual traditions and consciousness and religio-communal makeup. Structurally speaking break-up and taking over of big landholdings and a massive programme of industrialisation can break the back of 'fundamentalism.'

It must be admitted that our attempt to analyse the support structure of Sikh 'fundamentalism' essentially remains partial and fragmentary. As 'fundamentalism' in the Indian context serves the grand strategy of US imperialism of destabilising the nonaligned bulwark, its major structural support comes from external academic, political and material sources. Some support to 'fundamentalism' comes from a sense of guilt feeling from which many non-resident Indians of Sikh origin suffer, for having deserted their country and in some cases external forms of Sikhism to ease their disturbed conscience. They extend moral and material support to fundamentalism. In this process these elements get linked up with neocolonialists and their agencies of subversion, in particular with the CIA.

It has also been not possible to pay attention to the support that 'Sikh fundamentalism' drew from the policies of the centre and the Congress(I), particularly its efforts at accommodation and cooption of ideologies and structures which promote fundamentalism. Our attention has been in the main on complex factors within Sikh religious traditions, community organisation and changing social structural context in the Punjab. Whatever the date we may accept as the inception of the present 'fundamentalist' turn in the Punjab either 1978 or 1981, no change of social structural nature seems to have occurred in the Akali or SGPC leadership or base since then. The only certain change, as a consequence of the continued 'green revolution', seems to be the phenomenal rise, in the economic power of the gentlemen farmers — the class and the caste constituting the Akali leadership, including its extremist wing. There is evidence from Uttar Pradesh that newly acquired economic power by the rural rich is seeking a redistribution of political power in its favour from the industrial the national bourgeoisie which is in control of the Indian state. The forms that this struggle for a greater share in political decision-making takes are varied.

ਸ਼ਰਾਬਨੋਸ਼ੀ ਤੇ ਸਮਾਜ

ਸ਼ਰਾਬਨੋਸ਼ੀ ਆਪਣੇ ਆਪ ਵਿਚ ਇਕ ਗੰਭੀਰ ਬੀਮਾਰੀ ਤੇ ਸਮਾਜਕ ਸਮਸਿਆ ਹੈ। ਅਕਸਰ ਹੀ ਪੈਸੇ ਵਾਲੇ ਸਰਮਾਏਦਾਰੀ ਪ੍ਰਬੰਧ ਦੇ ਰਸਮਾਂ ਰਿਵਾਜਾਂ ਦਾ ਇਸ ਨਾਲ ਡੂੰਘਾ ਸਬੰਧ ਹੈ।

ਸਾਡੇ ਇਥੇ ਸ਼ਰਾਬ ਪੀਦ ਦੀ ਆਦਤ ਲਈ ਸਮਾਜਕ ਦਬਾਓ ਅਤੇ ਵਾਤਾਵਰਣ ਇਕ ਚੈਲਿੰਜ ਵਾਂਗ ਹੈ। ਗਿਣੀ ਮਿਥੀ ਨੀਤੀ ਤਹਿਤ ਇਸਦਾ ਸਮਾਜ ਵਿਚ ਵਾਧਾ ਇੰਨਾ ਹੈ ਕਿ ਪ੍ਰਹੇਜ਼ਗਾਰ ਬਾਰੇ ਮਜ਼ਾਕ ਦੇ ਸ਼ਬਦ ਬੋਲੇ ਜਾਂਦੇ ਹਨ। ਸਮਾਜਵਾਦੀ ਪ੍ਰਬੰਧ ਵਿਚ ਸ਼ਰਾਬੀ ਦਾ ਵਤੀਰਾ ਬਿਲਕੁਲ ਨਹੀਂ ਜਰਿਆ ਜਾਂਦਾ। ਸ਼ਰਾਬੀ ਦਾ ਚਾਲ ਚਲਣ ਅਕਸਰ ਹੀ ਕਮਜ਼ੋਰ ਹੁੰਦਾ ਹੈ। ਸ਼ਰਾਬ ਦਾ ਸਬੰਧ ਮਾਨਸਿਕ ਅਤੇ ਆਦਤ ਨਾਲ ਗੂੜ੍ਹਾਂ ਸਬੰਧ ਹੈ।

ਦਿਮਾਗ ਦਾ ਪਹਿਲਾ ਹਿਸਾ ਮਨੁਖੀ ਸਰੀਰ ਵਿਚ ਸ਼ਰਾਬ ਦਾਖਲ ਹੋਣ ਤੇ ਸਭ ਤੋਂ ਪਹਿਲਾਂ ਅਸਰ ਹੇਠ ਆਉਂਦਾ ਹੈ। ਉਹ ਹਿੱਸੇ ਵਿਚ ਜੋ ਮਾਦਾ ਕੇਂਦਰ ਮਨੁੱਖ ਨੂੰ ਕੰਟਰੋਲ ਕਰਨ, ਚੰਗੀ ਸੋਚਣ ਸ਼ਕਤੀ, ਨੈਤਿਕ ਭਾਵਨਾ ਦਾ ਅਹਿਸਾਸ ਕਰਾਉਂਦੇ ਹਨ ਉਹਨਾਂ ਨੂੰ ਸ਼ਰਾਬ ਕਮਜ਼ੋਰ ਕਰ ਦਿੰਦੀ ਹੈ। ਪੀਣ ਵਾਲਾ ਫਿਰ ਉਖੜੀ ਅਵਾਜ਼ ਵਿਚ ਬੋਲਦਾ ਹੈ ਤੇ ਆਸਾਨੀ ਨਾਲ ਉਸ ਤੋਂ ਸਮਾਜ ਵਿਰੋਧੀ ਵਿਵਹਾਰ ਕਰਵਾਇਆ ਜਾ ਸਕਦਾ ਹੈ। ਬੋਲਣ ਦੀ ਤਾਕਤ ਵਿਚ ਵਿਘਨ ਪੈਣ ਤੇ ਅੱਖਾਂ ਦੇ ਸਾਫ ਤੌਰ ਤੇ ਦੇਖਣ ਦੀ ਤਾਕਤ ਜਾਂਦੀ ਲਗਦੀ ਹੈ। ਅਨੁਭਵ ਕਰਨ ਦੀਆਂ ਆਦਤਾਂ ਹਵਾ ਹੋਣ ਨਾਲ ਹੋਰ ਪੀਣ ਦੀ ਇੱਛਾ ਵਧਦੀ ਰਹਿੰਦੀ ਹੈ ਜਿਉਂ ਜਿਉਂ ਸ਼ਰਾਬ ਖੂਨ ਵਿਚ ਦਾਖਲ ਹੁੰਦਾ ਹੈ, ਦਿਮਾਗ ਦੇ ਹਰ ਹਿਸੇ ਅਸਰ ਹੇਠ ਆਉਂਦੇ ਹਨ ਜੋ ਕਿ ਸਾਹ ਦੀ ਬਿਮਾਰੀ ਵਧਾ ਕੇ ਹੋਰ ਕੰਮਾਂ ਵਿਚ ਰੁਕਾਵਟ ਖੜੀ ਕਰਦੀ ਹੈ। ਜੇ ਸਾਹ ਰੁਕ ਜਾਵੇ ਤਾਂ ਮੌਤ ਹੋ ਸਕਦੀ ਹੈ। ਕੁਝ ਵਿਅਕਤੀ ਆਦਤਨ ਸ਼ਰਾਬੀ ਹੋਣ ਕਰਕੇ ਚੋਖੀ ਸ਼ਰਾਬ ਪ੍ਰਤੀ ਸਹਿਨਸ਼ੀਲ ਹੋ ਜਾਂਦੇ ਹਨ। ਬੇਵਕੂਫ ਬਣਨ ਲਈ ਤੇ ਜ਼ਿਆਦਾ ਸ਼ਰਾਬ ਪੀਣ ਲਈ ਇਹ ਭੈੜਾ ਸਰਕਲ ਜਾਰੀ ਹੋ ਜਾਂਦਾ ਹੈ। ਦਿਮਾਗੀ ਸੈਲ ਖਰਾਬ ਹੋ ਜਾਂਦੇ ਹਨ ਤੇ ਇਸ ਤਰ੍ਹਾਂ ਬਦਲ ਕੇ ਢਲ ਜਾਂਦੇ ਹਨ ਕਿ ਉਹ ਅਲਕੋਹਲ ਤੇ ਹੀ ਨਿਰਭਰ ਹੋ ਜਾਂਦੇ ਹਨ। ਅਲਕੋਹਲ ਬਹੁਤ ਤਿੱਖਾ ਰਸਾਇਣਕ ਪਦਾਰਥ ਹੈ ਜੋ ਕਿ ਸਰੀਰ ਦੇ ਹੋਰ ਨਾਜ਼ਕ ਅੰਗਾਂ ਨੂੰ ਖਰਾਬ ਕਰ ਦਿੰਦੀ ਹੈ ਜੇਕਰ ਇਹ ਲਗਾਤਾਰ ਖੂਨ ਦੀਆਂ ਨਾਲੀਆਂ ਵਿਚ ਰਹੇ। ਸ਼ਰਾਬੀ ਦਾ ਸਮਾਜਕ ਪੱਧਰ ਚੰਗਾ ਨਹੀਂ ਹੁੰਦਾ ਕਿਉਂਕਿ ਉਸ ਦਾ ਸਵੈਮਾਣ ਖਤਮ ਹੋ ਜਾਂਦਾ ਹੈ। ਤੇ ਉਸਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਕੀ ਕਰ ਰਿਹਾ ਹੈ। ਗੰਦੇ ਪਾਟੇ ਕੱਪੜੇ ਪਾਉਣ ਤੇ ਹਰ ਇਕ ਨਾਲ ਰੁੱਖਾ ਬੋਲਣਾ ਉਸਦੀ ਆਦਤ ਹੋ ਜਾਂਦੀ ਹੈ ਸਭਨਾਂ ਨਾਲ ਮਿਤਰਚਾਰਾ ਤੇ ਰਿਸ਼ਤੇਦਾਰੀਆਂ ਜਾਂਦੀਆਂ ਲਗਦੀਆਂ ਹਨ। ਸ਼ਰਾਬ ਦਾ ਸਿਹਤ ਤੇ ਬਹੁਤ ਹੀ ਗੰਭੀਰ ਅਸਰ ਪੈਂਦਾ ਹੈ। ਇਹ ਘਰ ਤਬਾਹ ਕਰਦੀ ਹੈ। ਸ਼ਰਾਬ ਪੀਣ ਤੋਂ ਭਾਵ ਆਪਣੀਆਂ ਤੇ ਆਪਣੇ ਬੱਚਿਆਂ ਦੀਆਂ ਖੁਸ਼ੀਆਂ ਪੀਣਾ ਹੈ। ਸ਼ਰਾਬੀ ਦਾ ਕਿਸੇ ਸਮਾਜਕ ਜਾਂ ਘਰੇਲੂ ਮੁਸ਼ਕਲ ਨਾਲ ਕੋਈ ਵਾਹ ਨਹੀਂ ਹੁੰਦਾ ਉਹ ਉਹ ਨਿਤ ਰੋਜ਼ ਸ਼ਰਾਬ ਭਾਲਣ ਤੱਕ ਜਾਂਦਾ ਹੈ ਜਿਥੇ ਸ਼ਰਾਬ ਤੋਂ ਬਿਨਾਂ ਉਹ ਰਹਿ ਨਹੀਂ ਸਕਦਾ।

ਸ਼ਰਾਬੀ ਦੇ ਲੱਛਣ :—

(1) ਉਹ ਦਲੀਲ ਨਹੀਂ ਦੇ ਸਕਦਾ।

(2) ਆਮ ਸਰੀਰ ਕਮਜ਼ੋਰ ਪੈਣਾ ਸ਼ੁਰੂ ਹੋ ਜਾਂਦਾ ਹੈ। ਉਹ ਜੋ ਦੂਸਰੇ ਲੋਕ ਕਹਿੰਦੇ ਹਨ ਜਾਂ ਸੋਚਦੇ ਹਨ ਉਸ ਤੋਂ ਉਲਟ ਅਮਲ ਕਰਦਾ ਹੈ।


(3) ਬਹੁਤੇ ਗੰਭੀਰ ਸ਼ਰਾਬੀ, ਕਮਜ਼ੋਰ, ਅੰਤੜੀ ਰੋਗ ਵਾਲੇ, ਵਿਟਾਮਿਨਾਂ ਦੀ ਘਾਟ ਵਾਲੇ ਹੋ ਜਾਂਦੇ ਹਨ। ਪੂਰੀ ਖੁਰਾਕ ਨਾ ਮਿਲਣ ਕਰਕੇ ਉਹਨਾਂ ਦੀ ਭੁੱਖ ਖਤਮ ਹੋ ਜਾਂਦੀ ਹੈ।

ਸਮਾਜ ਵਿਗਿਆਨਕਾਂ ਨੇ ਮੰਨਿਆ ਹੈ ਕਿ ਸ਼ਰਾਬ ਦਾ ਕਲਾ ਸੰਸਕ੍ਰਿਤੀ ਤੇ ਚੌਗਿਰਦੇ ਨਾਲ ਗੂੜ੍ਹਾ ਸਬੰਧ ਹੈ। ਜਿਸ ਸਮਾਜ ਵਿਚ 'ਨਾਭੇ ਦੀ ਬੰਦ ਬੋਤਲੇ', 'ਨਿਤ ਦੇ ਸ਼ਰਾਬੀ ਰਹਿਣਾ', ਡਰਾਈਵਰ ਤੇ ਬੋਤਲ ਦੇ ਔਰਤ ਸਬੰਧੀ ਅਸ਼ਲੀਲ ਗੀਤ, 'ਪੱਟ ਦੂੰ ਚੁਗਾਠ' ਪਤੀ ਠੇਕੇ, ਬੀਵੀ ਪੇਕੇ ਆਦਿ ਲੁੱਚ ਗਾਣੇ ਹਾਕਮੀ ਢਾਂਚੇ ਵਲੋਂ ਬੇਖੌਫ ਲੋਕਾਂ ਵਿਚ ਪ੍ਰਚਲਤ ਕੀਤੇ ਜਾਂਦੇ ਹੋਣ ਉਥੇ ਇਸਦਾ 'ਛੇਵਾਂ ਦਰਿਆ' ਬਣ ਜਾਣਾ ਅਤਿਕਥਨੀ ਨਹੀਂ ਹੈ। ਲੋੜ ਹੈ ਅਜਿਹੇ ਸਮਾਜ ਸਿਰਜਣ ਦੀ ਜੋ ਸ਼ਰਾਬ ਨੂੰ ਮੂਲੋਂ ਖਤਮ ਕਰਕੇ, ਚੰਗੇ ਸਭਿਆਚਾਰ ਨੂੰ ਪ੍ਰਫੁਲਤ ਕਰ ਸਕੇ।

—ਬਿਕਰਮਜੀਤ



ਫ਼ਿਲਮ-ਲੋਰ



ਤਨੂਜਾ ਹਾਰੀ ਨਹੀਂ

ਤਨੂਜਾ ਆਪਣੇ ਫਿਲਮ ਕੈਰੀਅਰ ਬਾਰੇ ਖੁਦ ਟਿੱਪਣੀ ਕਰਦਿਆਂ ਕਹਿੰਦੀ ਹੈ, "ਮੈਂ ਭਾਵੇਂ ਸਟਾਰ ਅਭਿਨੇਤਰੀ ਨਹੀਂ ਬਣ ਸਕੀ ਪਰ ਮੈਂ ਯਕੀਨਨ ਵਧੀਆ ਅਭਿਨੇਤਰੀ ਹਾਂ। ਮੈਂ ਭਾਵੇਂ ਜਿੱਤ ਨਾ ਸਕੀ ਪਰ ਮੈਨੂੰ ਹਾਰੀ ਹੋਈ ਬਿਲਕੁਲ ਨਾ ਸਮਝਿਆ ਜਾਵੇ।"

ਮਾਂ ਸ਼ੋਭਨਾ ਸਮਰਥ ਨੇ ਤਨੂਜਾ ਤੇ ਉਸ ਦੀ ਵੱਡੀ ਭੈਣ ਨੂਤਨ ਨੂੰ ਫਿਲਮ ਲਾਈਨ 'ਚ ਪਾਉਣ ਵੇਲੇ ਫਿਲਮਾਂ ਦਾ ਨਿਰਮਾਣ ਕੀਤਾ। ਨੂਤਨ ਲਈ "ਹਮਾਰੀ ਬੇਟੀ" ਅਤੇ ਤਨੂਜਾ ਵਾਸਤੇ "ਛਬੀਲੀ" ਬਣਾਈ। ਅਗਾਂਹ ਜਾ ਕੇ ਨੂਤਨ ਦਾ ਇਮੇਜ ਇਕ ਆਦਰਸ਼ਕ ਭਾਰਤੀ ਨਾਰੀ ਵਾਲਾ ਕਾਇਮ ਹੋ ਗਿਆ ਜਦ ਕਿ ਤਨੂਜਾ ਇਕ ਚੁਲ-ਬੁਲੀ ਤੇ ਮਾਡਰਨ ਲੜਕੀ ਵਜੋਂ ਜਾਣੀ ਜਾਣ ਲੱਗੀ। ਜਦੋਂ ਰਿਸ਼ੀਕੇਸ਼ ਮੁਕਰਜੀ ਨੇ ਤਨੂਜਾ ਨੂੰ "ਮੇਰੀ ਦੀਦੀ" ਲਈ ਚੁਣਿਆ ਤਾਂ ਉਹਦੀ ਅਭਿਨੈ ਕਲਾ ਦੀਆਂ ਸਿਫਤਾਂ ਹੋਣ ਲਗ ਪਈਆਂ। ਕੇਦਾਰ ਸ਼ਰਮਾ ਨੇ ਉਹਨੂੰ ਲੈ ਕੇ "ਹਮਾਰੀ ਯਾਦ ਆਏਗੀ" ਫਿਲਮ ਬਣਾਈ। "ਨਈ ਉਮਰ ਕੀ ਨਈ ਫਸਲ" ਨਾਲ ਤਨੂਜਾ ਹੋਰ ਉਭਰ ਆਈ।

ਤਨੂਜਾ ਨੂੰ ਇਸ ਗੱਲ ਦਾ ਮਾਣ ਹੈ ਕਿ ਉਸ ਨੇ ਸਮੇਂ ਸਮੇਂ ਸਿਰ ਟਾਪ ਦਾ ਐਕਟਰਾਂ ਨਾਲ ਫਿਲਮਾਂ ਕੀਤੀਆਂ। "ਚਾਦ ਔਰ ਸੂਰਜ" "ਬਹਾਰੇਂ ਫਿਰ ਭੀ ਆਏਂਗੀ" ਤੇ "ਦੋ ਚੋਰ" ਫਿਲਮਾਂ 'ਚ ਤਨੂਜਾ ਦਾ ਹੀਰੋ ਧਰਮਿੰਦਰ ਸੀ। ਦੇਵ ਆਨੰਦ ਦੀ "ਜਿਊਲ ਥੀਫ" ਵਿਚ ਤਨੂਜਾ ਨੇ ਬੜਾ ਢੁਕਵਾਂ ਡਾਂਸ ਕੀਤਾ ਸੀ। ਬਾਸੂ ਭੱਟਾਚਾਰੀਆ ਦੀ "ਅਨੁਭਵ" ਨਾਲ ਉਹਦੇ ਅਭਿਨੈ ਦੀ ਗਹਿਰਾਈ ਸਾਹਮਣੇ ਆਈ। ਤਨੂਜਾ ਦੀ ਸਭ ਤੋਂ ਹਿੱਟ ਫਿਲਮ ਸੀ "ਹਾਥੀ ਮੇਰੇ ਸਾਥੀ" ਜਿਸ ਵਿਚ ਰਾਜੇਸ਼ ਖੰਨਾ ਉਸ ਦਾ ਹੀਰੋ ਸੀ।

ਫਿਰ ਲੰਮੇ ਵਕਫੇ ਪਿਛੋਂ ਉਹ "ਰੁਸਤਮ", "ਬਾਕਸਰ" ਤੇ "ਪੇਟ ਪਿਆਰ ਔਰ ਪਾਪ" ਵਿਚ ਦਿਖਾਈ ਦਿਤੀ। ਅੱਜ ਕੱਲ੍ਹ ਉਸ ਕੋਲ ਬਹੁਤਾ ਰੁਝੇਵਾਂ ਨਹੀਂ। ਹੁਣ ਉਹ ਸਹਿ ਅਭਿਨੇਤਰੀ ਜਾਂ ਮਾਂ ਦਾ ਰੋਲ ਖਿੜੇ ਮੱਥੇ ਕਰਨ ਲੱਗ ਪਈ ਹੈ। ਫਿਲਮੀ ਆਲੋਚਕਾਂ ਦੀ ਟਿੱਪਣੀ ਹੈ ਕਿ ਤਨੂਜਾ ਦੇ ਕੈਰੀਅਰ ਦੀ ਸਿਖਰ ਰੇਖਾ ਹੇਠਾਂ ਵੱਲ ਨੂੰ ਤੁਰ ਪਈ ਹੈ। ਪਰ ਉਹ ਅੰਤਾਂ ਦੇ ਸਵੈ-ਵਿਸ਼ਵਾਸ 'ਚੋਂ ਆਖਦੀ ਹੈ ਕਿ "ਬੀਤੇ ਦੀ ਤਨੂਜਾ" ਨਾਲੋਂ "ਭਵਿੱਖ ਦੀ ਤਨੂਜਾ" ਸਿਨੇ ਦਰਸ਼ਕਾਂ ਉਪਰ ਵੱਧ ਗਹਿਰਾ ਪ੍ਰਭਾਵ ਪਾਵੇਗੀ।

ਤਨੂਜਾ ਦਾ ਕੱਦ ਪੰਜ ਫੁੱਟ ਦੋ ਇੰਚ ਹੈ। ਉਹਨੇ ਬਚਪਨ ਦੀ ਪੜ੍ਹਾਈ ਸਵਿਟਜ਼ਰਲੈਂਡ ਵਿਚ ਕੀਤੀ ਸੀ। ਸ਼ੋਮੂ ਮੁਕਰਜੀ ਨਾਂ ਦੇ ਪ੍ਰੋਡਿਊਸਰ ਨਾਲ ਉਸ ਨੇ ਸ਼ਾਦੀ ਕਰਾਈ ਸੀ ਤੇ ਦੋ ਧੀਆਂ ਨੂੰ ਜਨਮ ਦਿਤਾ। ਤਨੂਜਾ ਸਿਗਰਟ ਅਤੇ ਵਿਸਕੀ ਦੀ ਪੂਜ ਕੇ ਸ਼ੌਕੀਨ ਹੈ। ਉਹਦੇ ਨੇੜਲੇ ਹਲਕੇ ਕਹਿੰਦੇ ਨੇ ਕਿ ਮਾਨਸਿਕ ਤਣਾਓ ਕਾਰਨ ਉਹ ਨਸ਼ਿਆਂ ਦਾ ਸੇਵਨ ਕਰਦੀ ਹੈ ਪਰ ਤਨੂਜਾ ਦਾ ਇਸ ਮਾਮਲੇ 'ਚ ਆਖਣਾ ਹੈ, "ਮੈਂ ਜ਼ਿੰਦਗੀ ਨੂੰ ਘਸੀਟਣਾ ਨਹੀਂ ਚਾਹੁੰਦੀ, ਜੀਅ ਭਰ ਕੇ ਜਿਉਣਾ ਚਾਹੁੰਦੀ ਹਾਂ ਤੇ ਜਿਉਂ ਰਹੀ ਹਾਂ ....।"



ਤਨੂਜਾ ਨੂੰ ਉਂਜਲ ਭਵਿੱਖ ਦੀ ਆਸ



ਦੀਪਤੀ ਨਵਲ

ਬੰਬਈ ਬਨਾਮ ਦੀਪਤੀ

ਦੀਪਤੀ ਨਵਲ ਨੇ ਬੰਬਈ ਸ਼ਹਿਰ ਨੂੰ ਦੁਨੀਆਂ ਦਾ ਸਭ ਤੋਂ ਵਧੀਆ ਸ਼ਹਿਰ ਕਰਾਰ ਦਿੱਤਾ ਹੈ। ਉਸ ਦਾ ਆਖਣਾ ਹੈ ਕਿ ਭਾਰਤ ਦੇ ਕਿਸੇ ਵੀ ਹੋਰ ਸ਼ਹਿਰ ਦਾ ਸੁਭਾਗ ਬੰਬਈ ਵਰਗਾ ਨਹੀਂ ਹੈ। ਹੋਰਨਾਂ ਸ਼ਹਿਰਾਂ 'ਚ ਜਾਓ ਤਾਂ ਲੋਕ ਅਜੀਬ ਕਿਸਮ ਦਾ ਘੁਟਣ ਭਰਿਆ ਮਾਹੌਲ ਪੈਦਾ ਕਰ ਦਿੰਦੇ ਹਨ ਭਾਵੇਂ ਉਹ ਦਿੱਲੀ ਹੋਵੇ, ਆਗਰਾ ਜਾਂ ਕਲਕੱਤਾ।

ਦੀਪਤੀ ਦੀ ਉਮਰ ਦਾ ਪਹਿਲਾ ਹਿੱਸਾ ਅਮਰੀਕਾ ਵਿਚ ਗੁਜ਼ਰਿਆ ਹੈ। ਉਹ ਨਿਊਯਾਰਕ ਨੂੰ ਨਾਪਸੰਦ ਕਰਦੀ ਹੈ। ਉਸ ਦੇ ਵਿਚਾਰ ਅਨੁਸਾਰ ਨਿਊਯਾਰਕ 'ਚ ਇੰਜ ਜਾਪਦੇ ਜਿਵੇਂ ਸਾਹ ਸਤ ਹੀਣ ਲੋਕ ਰਹਿੰਦੇ ਹੋਣ ਜਾਂ ਤੁਰਦੀਆਂ ਫਿਰਦੀਆਂ ਲਾਸ਼ਾਂ ਹੋਣ। ਬੰਬਈ ਦੀ ਸਿਫਤ ਕਰਦਿਆਂ ਉਹ ਕਹਿੰਦੀ ਹੈ, "ਇਸ ਸ਼ਹਿਰ ਵਿਚ ਜ਼ਿੰਦਗੀ ਧੜਕਦੀ ਹੈ। ਕੋਈ ਕਿਸੇ ਦੇ ਕੰਮਾਂ ਵਿਚ ਖਾਹਮਖਾਹ ਦੀ ਦਖਲਅੰਦਾਜ਼ੀ ਨਹੀਂ ਕਰਦਾ ਤੇ ਦੂਜੇ ਪਾਸੇ ਆਪੋ ਆਪਣਾ ਸਮਾਜਕ ਘੇਰਾ ਜਿਤਨਾ ਕੋਈ ਚਾਹੇ ਮੋਕਲਾ ਵੀ ਕਰ ਸਕਦਾ ਹੈ।" ਉਂਝ ਤਾਂ ਦੀਪਤੀ ਨਵਲ ਛੋਟੇ ਜਿਹੇ ਫਲੈਟ ਵਿਚ ਰਹਿੰਦੀ ਹੈ ਪਰ ਭਾਵੁਕ ਤੇ ਫਲਸਫਾਨਾ ਅੰਦਾਜ਼ 'ਚ ਉਹ ਮਹਿਸੂਸ ਕਰਦੀ ਹੈ ਕਿ ਬੰਬਈ ਦਾ ਠਾਠਾਂ ਮਾਰਦਾ ਸਮੁੰਦਰ ਉਸ ਦੇ "ਅੰਦਰ" ਵਸਦਾ ਹੈ, "ਮੈਰਿਨ ਡਰਾਈਵ 'ਮੇਰੀ' ਹੈ", "ਜਹੂ ਬੀਚ ਵੀ 'ਮੇਰੀ' ਹੈ ... । ਮੈਂ ਆਖਰੀ ਸਾਹਾਂ ਤੱਕ ਇਥੇ ਰਹਾਂਗੀ।

ਕਰਨਲ ਨਰਿੰਦਰਪਾਲ ਸਿੰਘ ਦਾ ਵੈਨਕੂਵਰ ਵਿਚ ਸੁਆਗਤ



ਪ੍ਰਸਿੱਧ ਪੰਜਾਬੀ ਕਵੀ ਗੁਰਚਰਨ ਰਾਮਪੁਰੀ, ਕਰਨਲ ਨਰਿੰਦਰਪਾਲ ਸਿੰਘ ਤੇ ਦਰਸ਼ਨ ਗਿੱਲ

ਪੰਜਾਬੀ ਲੇਖਕ ਸ਼ਾਮਲ ਹੋਏ

ਵੈਨਕੂਵਰ — 50 ਪੁਸਤਕਾਂ ਦਾ ਰਚੇਤਾ ਕਰਨਲ ਨਰਿੰਦਰ ਪਾਲ ਸਿੰਘ ਦਾ ਪਿਛਲੇ ਦਿਨ ਵੈਨਕੂਵਰ ਵਿਚ ਸੁਆਗਤ ਕੀਤਾ ਗਿਆ। ਪੰਜਾਬੀ ਲੇਖਕ ਸ੍ਰੀ ਗੁਰਚਰਨ ਰਾਮਪੁਰੀ, ਸ੍ਰੀ ਅਜਮੇਰ ਰੋਡੇ, ਸ੍ਰੀਮਤੀ ਸੁਰਜੀਤ ਕਲਸੀ, ਦਰਸ਼ਨ ਗਿੱਲ, ਮਹਿੰਦਰ ਸੂਮਲ, ਸਤਿੰਦਰ ਸਿੱਧੂ, ਇਕਬਾਲ ਕਾਹਲੋਂ, ਦਰਸ਼ਨ ਬੈਂਸ ਤੇ ਸੁਰਜੀਤ ਬੈਂਸ ਸ਼ਾਮਲ ਹੋਏ।

ਸਾਹਿਤਕ ਗੁਫਤਗੂ ਵਿਚ ਨਰਿੰਦਰਪਾਲ ਸਿੰਘ ਨੇ ਆਪਣੇ ਵਿਸ਼ਵ-ਰਟਨ ਦੇ ਅਨੁਭਵ ਵੈਨਕੂਵਰ ਦੇ ਲੇਖਕਾਂ ਨਾਲ ਸਾਂਝੇ ਕੀਤੇ। ਆਪਣੇ ਨਵੇਂ ਨਾਵਲ 'ਕਾਲ ਅਕਾਲ' ਦੀ ਇਕ ਕਾਪੀ 'ਕੈਨੇਡਾ ਦਰਪਣ' ਦੇ ਮੁੱਖ ਸੰਪਾਦਕ ਸ੍ਰੀ ਦਰਸ਼ਨ ਗਿੱਲ ਨੂੰ ਪੇਸ਼ ਕੀਤੀ।

ਐਵਾਰਡਾਂ ਬਾਰੇ ਗਲਬਾਤ ਸਮੇਂ ਕਰਨਲ ਸਾਹਿਬ ਨੇ ਕਿਹਾ ਕਿ ਐਵਾਰਡ ਦੇਣੇ ਕੁਝ ਲੋਕਾਂ ਨੇ ਸ਼ੁਗਲ ਬਣਾ ਲਿਆ ਹੋਇਆ ਹੈ। ਐਵਾਰਡਾਂ ਦਾ ਆਦਾਨ ਪ੍ਰਦਾਨ ਬਹੁਤ ਘਟੀਆ ਪੱਧਰ ਤੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀ ਫੇਰੀ ਸਮੇਂ ਮੈਨੂੰ ਬਹੁਤ ਕੌੜਾ ਤਜਰਬਾ ਹੋਇਆ ਹੈ। ਕਈ ਲੋਕ ਤਸਵੀਰਾਂ ਛਪਵਾਉਣ ਲਈ ਕਾਗਜ਼ ਜਹੇ ਹੱਥ ਫੜਾ ਦਿੰਦੇ ਹਨ।



ਸਤਿੰਦਰ ਸਿੱਧੂ, ਦਰਸ਼ਨ ਬੈਂਸ(ਐਡੀਟਰ ਨਵਰੰਗ), ਸੁਰਜੀਤ ਬੈਂਸ



ਸਤਿੰਦਰ, ਦਰਸ਼ਨ ਬੈਂਸ, ਸੁਰਜੀਤ ਬੈਂਸ, ਮਹਿੰਦਰ ਸੂਮਲ, ਸੁਰਜੀਤ ਕਲਸੀ, ਤੇ ਅਜਮੇਰ ਰੋਡੇ

ਸਰੀ ਵਿਚ ਤੁਹਾਡੀ ਕਮਿਉਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ

ਗਿੱਲ-ਫੋਰਡ-ਫਰਨੀਚਰ



ਲਓ ਜੀ ਗਿੱਲ ਫੋਰਡ ਫਰਨੀਚਰ 'ਤੇ ਸ਼ੁਰੂ ਹੋ ਗਈ



9 PCE DINING ROOM SUITE
Hutch, buffet, table, 4 side & 2 arm chairs.
ONLY **$1595**

ਚੌਂਹਟੇ ਚੁੱਕ ਸੇਲ

ਜੋ ਅਗਸਤ ਦੇ ਅਖੀਰ ਤੱਕ ਚੱਲੇਗੀ
ਜਿਸ ਵਿਚ ਸਟੋਰ ਵਿਚ ਪਈ ਹਰ
ਇਕ ਆਈਟਮ ਤੇ ਕੀਮਤਾਂ ਵਾਲੇ
ਚੌਂਹਟੇ ਚੁੱਕ ਦਿੱਤੇ ਜਾਣਗੇ



9 PCE. DINING ROOM SUITE
Hutch, buffet, table, 4 side & 2 arm chairs.
ONLY **$2895**

—SAVE— —SAVE— —SAVE—

EXPLOSIVE SAVINGS ON:

- Bedframes
- Coffee Tables
- End Tables
- Lamps
- Dinettes
- Occasional Chairs
- Wall Units
- Draft Tables

MANY MORE ITEMS TOO NUMEROUS TO LIST, ALL AT GREAT SAVINGS!



INCLUDES **7 DRAWER DRESSER**
(Hutch), mirror, 5 drawer chest, bookcase headboard, footboard & rails. *Only* **$595**

SEALY FIRM QUALITY

Twin 2 pce. Reg. $299	NOW	$215
Full 2 pce. Reg. $379	NOW	$265
Queen 2 pce. Reg. $424	NOW	$315

PREMIUM EXTRA FIRM

Twin 2 pce. Reg. $499	NOW	$395
Full 2 pce. Reg. 599	NOW	$495
Queen 2 pce. Reg. $799	NOW	$595
King Size. Reg. $999	NOW	$695

GUARANTEED LOWEST PRICES!


—MASTERCHARGE— —VISA— —AMERICAN EXPRESS—



SOFA - CHAIR
2 PCE. *ONLY* **$585**



SOFA-LOVESEAT CHAIR *3 PCE. ONLY* **$1495**



SOFA-LOVESEAT CHAIR *3 PCE. ONLY* **$2195**

Just Say CHARGE IT On My GILLFORD FURNITUREMART Credit Card Apply For Yours Today!

"Better Quality Furnishings at Discount Prices"

GILL-FORD FURNITUREMART

FINANCING AVAILABLE O.A.C.

VISA MasterCard

13442-108th Avenue, Surrey

HOURS: Mon.-Fri. 10-9; Sat. 10-6
Sunday & Holidays 10-6

588-4461